## ਅਧਿਆਇ 1

# ਕਲੀਸਿਯਾ ਵਿੱਚ ਫੁੱਟ ਅਤੇ ਝਗੜੇ

ਜਦ ਲੋਕ ਗ੍ਰੀਕੋ-ਰੋਮੀ ਸੰਸਾਰ ਵਿੱਚ ਚਿੱਠੀਆਂ ਲਿਖਦੇ ਹੁੰਦੇ ਸਨ, ਤਾਂ ਉਹ ਆਪਣਾ ਨਾਮ ਅਰੰਭਕ ਸ਼ਬਦਾਂ ਵਿੱਚ ਹੀ ਲਿਖ ਦਿੰਦੇ ਸਨ। ਇਸ ਤੋਂ ਇਲਾਵਾ, ਉਹ ਆਪਣੇ ਪੱਤਰ ਲਿਖੇ ਜਾਣ ਦੇ ਮਕਸਦ ਦੀ ਨੀਂਹ ਤਿਆਰ ਕਰਦੇ ਸਨ। ਆਪਣੇ ਪਾਠਕਾਂ ਉੱਤੇ ਆਪਣੇ ਇਖਤਿਆਰ ਅਤੇ ਉਨ੍ਹਾਂ ਲਈ ਆਪਣੇ ਪ੍ਰੇਮ ਨੂੰ ਦਰਸਾਉਂਦਿਆਂ ਪੌਲੁਸ ਕੁਰਿੰਥੀਆਂ ਨੂੰ ਲਿਖੇ ਗਏ ਆਪਣੇ ਪੱਤਰ ਦਾ ਅਰੰਭ ਕਰਦਾ ਹੈ। ਇਸ ਤੋਂ ਬਾਅਦ ਜੋ ਉਸ ਨੇ ਲਿਖਿਆ ਉਸ ਦਾ ਸੰਬੰਧ ਪਰਮੇਸ਼ੁਰ ਨਾਲ ਉਨ੍ਹਾਂ ਦੇ ਸੰਬੰਧ ਦੇ ਮਸਲੇ ਸਨ ਜਿਹੜਾ ਕਲੀਸਿਯਾ ਦੇ ਸਮਾਜ ਵਿੱਚ ਉਨ੍ਹਾਂ ਦੇ ਆਪਸੀ ਸੰਪਰਕ ਨਾਲ ਵਧ ਰਿਹਾ ਸੀ।

ਕੁਝ ਕੁ ਵਰ੍ਹੇ ਪਹਿਲਾਂ ਤੱਕ ਪੌਲੁਸ ਦੇ ਪਾਠਕਾਂ ਨੇ ਯਿਸੂ ਮਸੀਹ ਬਾਰੇ ਸੁਣਿਆ ਵੀ ਨਹੀਂ ਸੀ; "ਪਰਮੇਸ਼ੁਰ ਦੀ ਕਲੀਸਿਯਾ" ਉਨ੍ਹਾਂ ਦੇ ਲਈ ਇੱਕ ਬੇਅਰਥ ਵਾਕ ਰਿਹਾ ਹੋਵੇਗਾ। ਪਰ ਹੁਣ ਹਾਲਾਤ ਬਦਲ ਚੁੱਕੇ ਸਨ। ਹੁਣ ਰਸੂਲ ਪੌਲੁਸ ਕਲੀਸਿਯਾ ਨਾਲ ਆਪਣੇ ਬੀਤੇ ਤਜਰਬੇ ਕਾਰਣ ਮਸੀਹੀਆਂ ਨੂੰ ਰੁਕਾਵਟਾਂ ਉੱਤੇ ਜੇਤੂ ਹੋਣ ਵਿੱਚ ਮਦਦ ਕਰ ਸਕਦਾ ਸੀ। ਉਨ੍ਹਾਂ ਨੇ ਸਿਆਣ ਲਿਆ ਸੀ ਕਿ ਮਸੀਹ ਦੇ ਨਾਲ ਜੁੜਣ ਤੋਂ ਬਾਅਦ ਉਨ੍ਹਾਂ ਨੂੰ ਪਾਪ ਦਿਆਂ ਪ੍ਰਲੋਭਣਾਂ ਤੋਂ ਅਜ਼ਾਦੀ ਨਹੀਂ ਮਿਲੀ ਸੀ। ਕੁਰਿੰਥੁਸ ਦੇ ਮਸੀਹੀਆਂ ਦੁਆਰਾ ਸਾਹਮਣਾ ਕੀਤੀਆਂ ਦਾ ਰਹੀਆਂ ਰੁਕਾਵਟਾਂ ਦਾ ਇੱਕ ਕਾਰਣ ਇਹ ਸੀ ਕਿ ਉਹ ਇੱਕ ਦੂਜੇ ਦਾ ਉਵੇਂ ਸਾਥ ਦੇਣ ਵਿੱਚ ਵਿਫਲ ਰਹੇ ਸਨ ਜਿਵੇਂ ਵਿਸ਼ਵਾਸੀਆਂ ਨੂੰ ਕਰਨਾ ਚਾਹੀਦਾ ਹੈ। ਕਲੀਸਿਯਾ ਉੱਤੇ ਆਈਆਂ ਬਾਕੀ ਦੀਆਂ ਮੁਸੀਬਤਾਂ ਵਿਰੋਧੀ ਅਤੇ ਈਸ਼ੁਰਹੀਣ ਸੰਸਾਰ ਵੱਲੋਂ ਆ ਰਹੇ ਦਬਾਉ ਦਾ ਨਤੀਜਾ ਸਨ।

### ਪੌਲੁਸ ਅਤੇ ਸੋਸਥਨੇਸ ਵੱਲੋਂ ਸਲਾਮ (1:1-3)

**1ਲਿਖਤੁਮ ਪੌਲੁਸ ਜਿਹੜਾ ਪਰਮੇਸ਼ੁਰ ਦੀ ਇੱਛਿਆ ਤੋਂ ਯਿਸੂ ਮਸੀਹ ਦਾ ਰਸੂਲ
ਹੋਣ ਲਈ ਸੱਦਿਆ ਗਿਆ, ਨਾਲੇ ਸਾਡਾ ਭਰਾ ਸੋਸਥਨੇਸ। 2ਅੱਗੇ ਜੋਗ ਪਰਮੇਸ਼ੁਰ ਦੀ
ਕਲੀਸਿਯਾ ਨੂੰ ਜਿਹੜੀ ਕੁਰਿੰਥੁਸ ਵਿੱਚ ਹੈ ਅਰਥਾਤ ਓਹਨਾਂ ਨੂੰ ਜਿਹੜੇ ਮਸੀਹ ਯਿਸੂ
ਵਿੱਚ ਪਵਿੱਤਰ ਕੀਤੇ ਹੋਏ ਅਤੇ ਸੰਤ ਹੋਣ ਲਈ ਸੱਦੇ ਹੋਏ ਹਨ ਉਨ੍ਹਾਂ ਸਭਨਾਂ ਸਣੇ
ਜਿਹੜੇ ਹਰੇਕ ਥਾਂ ਸਾਡੇ ਪ੍ਰਭੂ ਯਿਸੂ ਮਸੀਹ ਦਾ ਨਾਮ ਲੈਂਦੇ ਹਨ ਜੋ ਉਨ੍ਹਾਂ ਦਾ ਨਾਲੇ
ਸਾਡਾ ਪ੍ਰਭੂ ਹੈ। 3ਸਾਡੇ ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਦੀ ਵੱਲੋਂ ਤੁਹਾਨੂੰ**

**ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ।**

**ਆਇਤ 1. ਪੌਲੁਸ** ਆਪਣੇ ਜ਼ਿਆਦਾਤਰ ਪੱਤਰਾਂ ਦਾ ਅਰੰਭ ਆਪਣੇ ਬਾਰੇ ਇਹ ਆਖਣ ਦੁਆਰਾ ਕਰਦਾ ਸੀ, **ਰਸੂਲ ਹੋਣ ਲਈ ਸੱਦਿਆ ਗਿਆ**। ਅਜਿਹਾ ਸਾਨੂੰ ਸਿਰਫ ਫਿਲਿੱਪੀਆਂ, ਥੱਸਲੁਨੀਕੀਆਂ ਦੇ ਦੋਹਾਂ ਪੱਤਰਾਂ ਅਤੇ ਫਿਲੇਮੋਨ ਵਿੱਚ ਨਹੀਂ ਮਿਲਦਾ। ਮਿੱਤਰਾਂ ਨੂੰ ਲਿਖੇ ਗਏ ਪੱਤਰਾਂ ਵਿੱਚ ਰਸੂਲੀ ਇਖਤਿਆਰ ਦਾ ਔਪਚਾਰਿਕ ਪ੍ਰਮਾਣ ਪੇਸ਼ ਕਰਨ ਦੀ ਲੋੜ ਨਹੀਂ ਹੁੰਦੀ; ਅਜਿਹਾ ਕਰਨ ਨਾਲ ਉਨ੍ਹਾਂ ਨੂੰ ਬੁਰਾ ਵੀ ਲੱਗ ਸਕਦਾ ਹੈ। ਆਧੁਨਿਕ ਸਮੇਂ ਵਿੱਚ ਜਿਸ ਵਿਅਕਤੀ ਕੋਲ ਐੱਮ.ਡੀ. ਜਾਂ ਪੀਐੱਚ.ਡੀ. ਦੀ ਡਿਗਰੀ ਹੈ, ਉਸ ਨੂੰ ਕਲੀਸਿਯਾ ਵਿੱਚ – ਇੱਥੋਂ ਤੱਕ ਕਿ ਉਸ ਤੋਂ ਘੱਟ ਉਮਰ ਦੇ ਲੋਕਾਂ ਦੁਆਰਾ ਵੀ – ਸ਼ਾਇਦ ਉਸ ਦਾ ਨਾਮ ਲੈ ਕੇ ਹੀ ਬੁਲਾਇਆ ਜਾਵੇਗਾ। ਜਦ ਮਿੱਤਰ ਇੱਕ ਦੂਜੇ ਨਾਲ ਗੱਲ ਕਰਦੇ ਹਨ ਤਾਂ ਆਮਤੌਰ ’ਤੇ ਉਹ ਪਦਵੀਆਂ ਦੀ ਵਰਤੋਂ ਨਹੀਂ ਕਰਦੇ। ਆਪਣੇ ਆਪ ਨੂੰ “ਰਸੂਲ” ਆਖਦਿਆਂ, ਪੌਲੁਸ ਨੇ ਆਪਣੇ ਪਾਠਕਾਂ ਅਤੇ ਆਪਣੇ ਵਿਚਕਾਰ ਇੱਕ ਦੂਰੀ ਬਣਾ ਕੇ ਰੱਖੀ। ਉਹ ਉਨ੍ਹਾਂ ਦਾ ਮਿੱਤਰ ਸੀ; ਪਰ ਚੰਗੇ ਮਾਪਿਆਂ ਵਾਂਗ ਉਹ ਮਿੱਤਰ ਨਾਲੋਂ ਕੁਝ ਵਧ ਕੇ ਵੀ ਸੀ। ਪੌਲੁਸ ਨੂੰ ਪਰਮੇਸ਼ੁਰ ਨੇ ਘੱਲਿਆ ਸੀ। ਮਿੱਤਰਤਾ ਆਪਣੀ ਥਾਂ ’ਤੇ ਠੀਕ ਹੈ, ਪਰ ਨਾ ਤਾਂ ਉਸ ਨੂੰ ਅਤੇ ਨਾ ਹੀ ਉਨ੍ਹਾਂ ਨੂੰ ਇਹ ਭੁਲਾਉਣਾ ਸੀ ਕਿ ਉਹ **ਯਿਸੂ ਮਸੀਹ ਦਾ** ਰਸੂਲ ਸੀ।

1 ਕੁਰਿੰਥੀਆਂ ਵਿੱਚ ਪੌਲੁਸ ਆਪਣੇ ਰਸੂਲੀ ਪਦ ਦੀ ਰਾਖੀ ਕਰਦਾ ਨਹੀਂ ਜਾਪਦਾ; ਉਹ ਅਤੇ ਉਸ ਦੇ ਪਾਠਕ ਦੋਵੇਂ ਜਾਣਦੇ ਸਨ ਕਿ ਉਹ ਆਪਣੇ ਆਤਮਕ ਇਖਤਿਆਰ ਦੀ ਵਰਤੋਂ ਕਰੇਗਾ। ਰਸੂਲੀ ਪਦ ਉਹ ਮੰਚ ਸੀ ਜਿਸ ਤੋਂ ਉਸ ਨੇ ਕੁਰਿੰਥੀਆਂ ਦੀ ਕਲੀਸਿਯਾ ਦੀਆਂ ਲੋੜਾਂ ਬਾਰੇ ਗੱਲ ਕੀਤੀ,[1] ਪਰ ਇਹ ਉਸ ਦੇ ਅੰਦਰ ਦਾ ਜੋਸ਼ ਵੀ ਸੀ ਜਿਹੜਾ ਸੰਸਾਰ ਵਿੱਚ ਮਸੀਹ ਦਾ ਪ੍ਰਚਾਰ ਕਰਨ ਲਈ ਉਸ ਨੂੰ ਮਜਬੂਰ ਕਰਦਾ ਰਹਿੰਦਾ ਸੀ। ਉਸ ਦੇ ਰਸੂਲ ਹੋਣ ਦੇ ਹੋਰਨਾਂ ਚਿੰਨ੍ਹਾਂ ਤੋਂ ਇਲਾਵਾ ਪੌਲੁਸ ਨੇ ਇਹ ਦਲੀਲ ਪੇਸ਼ ਕੀਤੀ ਕਿ ਉਸ ਨੇ ਪ੍ਰਭੂ ਨੂੰ ਵੇਖਿਆ ਸੀ (9:1; 15:8); ਪਰ ਉਸ ਦਾ ਦਾਅਵਾ ਇਸ ਤੋਂ ਕਿਤੇ ਵੱਡੇ ਪ੍ਰਮਾਣ ਉੱਤੇ ਸਥਾਪਤ ਸੀ। ਉਸ ਨੂੰ ਪਰਮੇਸ਼ੁਰ ਦੇ ਸੱਦੇ ਦੀ ਪਦਵੀ ਉੱਤੇ ਥਾਪਿਆ ਗਿਆ ਸੀ (ਗਲਾਤੀਆਂ 1:15) ਅਤੇ ਪਵਿੱਤਰ ਆਤਮਾ ਦੀ ਹਜ਼ੂਰੀ ਦੁਆਰਾ ਪ੍ਰਮਾਣਿਤ ਕੀਤਾ ਗਿਆ ਸੀ (1 ਕੁਰਿੰਥੀਆਂ 7:40; ਗਲਾਤੀਆਂ 3:2)। ਖਾਸ ਕਰਕੇ ਕੁਰਿੰਥੀਆਂ ਦੀ ਕਲੀਸੀਆ ਲਈ ਪੌਲੁਸ ਦਾ ਰਸੂਲੀ ਪਦ ਪਰਗਟ ਸੀ। ਉਹੀ ਸੀ ਜੋ ਉਨ੍ਹਾਂ ਨੂੰ ਮਸੀਹ ਕੋਲ ਲੈ ਕੇ ਆਇਆ ਸੀ, ਅਤੇ ਉਹੀ ਸੀ ਜਿਸ ਨੇ ਪਵਿੱਤਰ ਆਤਮਾ ਦੀਆਂ ਅਸੀਸਾਂ ਉਨ੍ਹਾਂ ਉੱਤੇ ਲਿਆਂਦੀਆਂ ਸਨ (2 ਕੁਰਿੰਥੀਆਂ 3:2, 3)।

ਪੌਲੁਸ ਦਿਆਂ ਅਰੰਭਕ ਸ਼ਬਦਾਂ ਨੇ ਉਸ ਦਿਆਂ ਪਾਠਕਾਂ ਨੂੰ ਦੱਸਿਆ ਕਿ ਉਹ ਰਸੂਲੀ ਪਦ ਦੀਆਂ ਜ਼ਿੰਮੇਵਾਰੀਆਂ ਨੂੰ ਚੁੱਕਣ ਲਈ ਤਿਆਰ ਸੀ। ਉਹ ਲੋਕਾਂ ਦੁਆਰਾ ਨਾਪਸੰਦ ਕੀਤੇ ਜਾਣ ਲਈ ਤਿਆਰ ਸੀ, ਜੇਕਰ ਅਗਵਾਈ ਕਰਨ ਦੀ ਇਹੋ ਕੀਮਤ ਅਦਾ ਕਰਨੀ ਪੈਣੀ ਸੀ। ਉਹ ਉਮੀਦ ਕਰ ਸਕਦੇ ਸਨ ਕਿ ਉਹ ਕਿਸੇ ਵੀ ਤਰ੍ਹਾਂ ਦੇ ਈਸ਼ੁਰਹੀਣ ਚਾਲ-ਚਲਣ ਜਾਂ ਮਸੀਹੀ ਵਿਸ਼ਵਾਸ ਨਾਲ ਕੀਤੇ ਗਏ ਕਿਸੇ ਵੀ ਤਰ੍ਹਾਂ ਦੇ ਸਮਝੌਤੇ ਦੇ ਵਿਰੁੱਧ ਪ੍ਰਭੂ ਦਿਆਂ ਸਿਧਾਂਤਾਂ ਉੱਤੇ ਅਡਿੱਗ ਰਹੇਗਾ। ਇਹ ਪੱਤਰ ਕਿਸੇ ਮਿੱਤਰ ਨੂੰ ਲਿਖੇ ਗਏ ਇੱਕ ਸਧਾਰਨ ਪੱਤਰ ਨਾਲੋਂ ਕਿਤੇ ਵਧ ਕੇ ਸੀ। ਇੱਥੋਂ ਤੱਕ ਕਿ ਆਪਣੇ ਸੰਗੀ ਸਹਿਕਰਮੀਆਂ, ਤਿਮੋਥਿਉਸ ਅਤੇ ਤੀਤੁਸ ਨੂੰ ਲਿਖੇ ਆਪਣੇ ਪੱਤਰਾਂ ਵਿੱਚ ਵੀ ਪੌਲੁਸ ਆਪਣੇ ਆਪ ਨੂੰ “ਰਸੂਲ” ਆਖਦਾ

ਹੈ। ਹਾਲਾਂਕਿ ਇਹ ਪੱਤਰ ਮਿੱਤਰਾਂ ਨੂੰ ਲਿਖੇ ਗਏ ਸਨ, ਤਾਂ ਵੀ ਪੌਲੁਸ ਚਾਹੁੰਦਾ ਸੀ ਕਿ ਉਸ ਦੇ ਨਿਰਦੇਸ਼ ਅਤੇ ਉਪਦੇਸ਼ ਜਨਤਕ ਖੇਤਰ ਵਿੱਚ ਇਨ੍ਹਾਂ ਪ੍ਰਚਾਰਕਾਂ ਦੀ ਮਦਦ ਕਰਨ।

ਪੌਲੁਸ ਦੇ ਨਾਲ **ਸੋਸਥਨੇਸ** ਨੇ ਵੀ ਸਲਾਮ ਆਖਿਆ। ਰੋਮੀਆਂ, ਗਲਾਤੀਆਂ, ਅਫਸੀਆਂ, ਤਿਮੋਥਿਉਸ ਨੂੰ ਲਿਖੇ ਗਏ ਦੋਵੇਂ ਪੱਤਰਾਂ, ਅਤੇ ਤੀਤੁਸ ਵਿੱਚ ਪੌਲੁਸ ਇਕੱਲਾ ਹੀ ਭਰਾਵਾਂ ਨੂੰ ਸੰਬੋਧਿਤ ਕਰਦਾ ਹੈ। 2 ਕੁਰਿੰਥੀਆਂ, ਫਿਲਿੱਪੀਆਂ, ਕੁਲੁੱਸੀਆਂ, ਅਤੇ ਫਿਲੇਮੋਨ ਨੂੰ ਲਿਖੇ ਪੱਤਰਾਂ ਵਿਚਲੇ ਸਲਾਮ ਵਿੱਚ ਪੌਲੁਸ ਦੇ ਨਾਲ-ਨਾਲ ਤਿਮੋਥਿਉਸ ਦਾ ਨਾਮ ਵੀ ਆਇਆ ਹੈ। ਥੱਸਲੁਨੀਕੀਆਂ ਦੇ ਦੋਵਾਂ ਪੱਤਰਾਂ ਵਿੱਚ ਲਿਖਿਆ ਗਿਆ ਹੈ ਕਿ ਸੀਲਾਸ ਅਤੇ ਤਿਮੋਥਿਉਸ ਰਸੂਲ ਪੌਲੁਸ ਦੇ ਨਾਲ ਸਨ। ਸਿਰਫ 1 ਕੁਰਿੰਥੀਆਂ ਵਿੱਚ ਹੀ ਪੌਲੁਸ ਦੇ ਨਾਲ ਸੋਸਥਨੇਸ ਸੀ।

"ਸੋਸਥਨੇਸ" ਨਾਮ ਬਹੁਤ ਘੱਟ ਸੁਣਨ ਨੂੰ ਮਿਲਦਾ ਸੀ, ਇੱਥੋਂ ਤੱਕ ਕਿ ਯੂਨਾਨੀ ਲੋਕਾਂ ਵਿੱਚ ਵੀ। ਨਵੇਂ ਨੇਮ ਵਿੱਚ ਇਹ ਸਿਰਫ ਇੱਥੇ ਅਤੇ ਰਸੂਲਾਂ ਦੇ ਕਰਤੱਬ 18:17 ਵਿੱਚ ਹੀ ਮਿਲਦਾ ਹੈ। ਇੱਕ ਸਵਾਲ ਤੁਰੰਤ ਉੱਠਦਾ ਹੈ: ਕੀ ਜਿਸ ਸੋਸਥਨੇਸ ਨੇ ਕੁਰਿੰਥੀਆਂ ਨੂੰ ਸਲਾਮ ਲਿਖਿਆ ਸੀ, ਉਹੀ "ਸਮਾਜ ਦਾ ਸਰਦਾਰ [ਯਹੂਦੀ-ਸਭਾਘਰ ਦਾ 'ਪਰਧਾਨ'; KJV]" ਸੀ ਜਿਸ ਨੂੰ ਰਸੂਲਾਂ ਦੇ ਕਰਤੱਬ 18:17 ਵਿੱਚ ਕੁਰਿੰਥੁਸ ਵਿੱਚ ਗਾਲੀਓ ਦੀ ਅਦਾਲਤ ਵਿੱਚ ਕੁੱਟਿਆ ਗਿਆ ਸੀ? ਜੇਕਰ ਹਾਂ, ਤਾਂ ਫਿਰ ਕੁਰਿੰਥੁਸਵਾਸੀ ਸੋਸਥਨੇਸ ਅਫ਼ਸੁਸ ਵਿੱਚ ਕੀ ਕਰ ਰਿਹਾ ਸੀ? ਉਹ ਉਨ੍ਹਾਂ ਲੋਕਾਂ ਵਿੱਚ ਵੀ ਨਹੀਂ ਸੀ ਜਿਹੜੇ ਕੁਰਿੰਥੁਸ ਦੀ ਕਲੀਸਿਯਾ ਤੋਂ ਸਵਾਲ ਲੈ ਕੇ ਅਫ਼ਸੁਸ ਵਿੱਚ ਪੌਲੁਸ ਕੋਲ ਆਏ ਸਨ। ਘੱਟੋ-ਘੱਟ ਪੌਲੁਸ ਨੇ ਉਸ ਦਾ ਜ਼ਿਕਰ ਉਨ੍ਹਾਂ ਲੋਕਾਂ ਵਿੱਚ ਤਾਂ ਨਹੀਂ ਕੀਤਾ ਹੈ ਜਿਹੜੇ ਕੁਰਿੰਥੁਸ ਤੋਂ ਪੱਤਰ ਦੇ ਕੇ ਘੱਲੇ ਗਏ ਸਨ (1 ਕੁਰਿੰਥੀਆਂ 16:17)। ਇਸ ਤੋਂ ਇਲਾਵਾ ਪੱਤਰ ਵਿੱਚ ਉਸ ਦਾ ਜ਼ਿਕਰ ਹੋਰ ਕਿਤੇ ਵੀ ਨਹੀਂ ਕੀਤਾ ਗਿਆ ਹੈ। ਸੰਭਵ ਹੈ ਕਿ ਇਹ ਉਹੀ ਵਿਅਕਤੀ ਨਹੀਂ ਸੀ; ਪਰ ਸਾਨੂੰ ਫਿਰ ਇਹ ਪੁੱਛਣ ਦੀ ਲੋੜ ਹੈ ਕਿ ਅਫ਼ਸੁਸ ਦੇ ਸਭਨਾਂ ਮਸੀਹੀਆਂ ਵਿੱਚੋਂ ਸਿਰਫ ਸੋਸਥਨੇਸ ਦਾ ਨਾਮ ਹੀ ਸਲਾਮ ਵਿੱਚ ਕਿਉਂ ਲਿਖਿਆ ਗਿਆ ਹੈ।

ਆਓ, ਅਸੀਂ ਮੰਨ ਲਈਏ ਕਿ ਸਾਥੋਂ ਅਗਿਆਤ ਕਾਰਣਾਂ ਕਰਕੇ ਕੁਰਿੰਥੁਸ ਦਾ ਸੋਸਥਨੇਸ (ਰਸੂਲਾਂ ਦੇ ਕਰਤੱਬ 18:17) ਅਫ਼ਸੁਸ ਵਿੱਚ ਆਣ ਕੇ ਵੱਸ ਗਿਆ ਸੀ। ਇਹ ਵੀ ਪਰਗਟ ਹੈ ਕਿ ਕੁਰਿੰਥੁਸ ਦੇ ਯਹੂਦੀ ਸਮਾਜ ਵਿੱਚ ਉਹ ਇੱਕ ਚੰਗੇ ਰੁਤਬੇ ਵਾਲਾ ਵਿਅਕਤੀ ਸੀ। ਜਦ ਯਹੂਦੀ-ਸਭਾਘਰ ਦੇ ਪਿਛਲੇ ਪਰਧਾਨ ਕਰਿਸਪੁਸ ਨੇ ਯਿਸੂ ਨੂੰ ਮਸੀਹ ਮੰਨ ਕੇ ਕਬੂਲ ਕਰ ਲਿਆ ਸੀ ਤਾਂ ਉਸ ਨਗਰ ਦੇ ਯਹੂਦੀਆਂ ਦਾ ਕੋਈ ਆਗੂ ਨਹੀਂ ਬਚਿਆ ਸੀ (ਰਸੂਲਾਂ ਦੇ ਕਰਤੱਬ 18:8)। ਸੋਸਥਨੇਸ ਨੇ ਅੱਗੇ ਆਣ ਕੇ ਇਹ ਜ਼ਿੰਮੇਵਾਰੀ ਲਈ। ਸ਼ਾਇਦ ਉਹੀ ਸੀ ਜਿਸ ਨੇ ਇਸ ਸਲਾਹ ਦਿੱਤੀ ਸੀ ਕਿ ਰੋਮੀ ਅਦਾਲਤ ਦੇ ਸਾਹਮਣੇ ਯਹੂਦੀਆਂ ਨੂੰ ਮਸੀਹੀਆਂ ਨਾਲ ਪੂਰੀ ਤਰ੍ਹਾਂ ਨਾਤਾ ਤੋੜ ਲੈਣਾ ਚਾਹੀਦਾ ਹੈ। ਉਹ ਚਾਹੁੰਦਾ ਸੀ ਕਿ ਅਧਿਕਾਰੀ ਇਹ ਵੇਖ ਲੈਣ ਭਈ ਮਸੀਹੀ ਲੋਕ ਯਹੂਦੀ ਨਹੀਂ ਹਨ, ਸਗੋਂ ਉਹ ਤਾਂ ਸਮੱਸਿਆ ਖੜੀ ਕਰਨ ਵਾਲੇ ਲੋਕ ਹਨ ਜਿਹੜੇ ਸਾਰੇ ਸੰਸਾਰ ਵਿੱਚ ਉੱਥਲ-ਪੁੱਥਲ ਮਚਾਈ ਬੈਠੇ ਹਨ ਅਤੇ ਉਹ ਰੋਮੀ ਸਰਕਾਰ ਵੱਲੋਂ ਯਹੂਦੀਆਂ ਨੂੰ ਦਿੱਤੇ ਜਾਣ ਵਾਲੇ ਵਿਸ਼ੇਸ਼ ਅਧਿਕਾਰਾਂ ਅਤੇ ਸੁਰੱਖਿਆ ਦੇ ਹੱਕਦਾਰ ਨਹੀਂ ਹਨ। ਉਸ ਦੀਆਂ ਨਜ਼ਰਾਂ ਵਿੱਚ ਮਸੀਹੀ ਲੋਕ ਯਹੂਦੀਆਂ ਅਤੇ ਯੂਨਾਨੀ ਨੂੰ "ਸ਼ਰਾ ਦੇ ਉਲਟਾ ਪਰਮੇਸ਼ੁਰ ਦੀ ਬੰਦਗੀ ਕਰਨ ਨੂੰ ਉਭਾਰਦੇ ਹਨ" (ਰਸੂਲਾਂ ਦੇ ਕਰਤੱਬ 18:13)। ਕਹਿਣ ਦਾ ਭਾਵ ਇਹ ਹੈ ਕਿ ਸੋਸਥਨੇਸ ਨੇ ਇਹ ਐਲਾਨ ਕਰ ਦਿੱਤਾ

ਸੀ, "ਅਸੀਂ ਯਹੂਦੀ ਉਨ੍ਹਾਂ ਨੂੰ ਰੱਦ ਰਹੇ ਹਾਂ। ਉਹ ਸਾਡੇ ਵਿੱਚੋਂ ਨਹੀਂ ਹਨ। ਤੁਸੀਂ ਰੋਮੀ ਉਨ੍ਹਾਂ ਦੇ ਨਾਲ ਜਿਹੋ ਜਿਹਾ ਚਾਹੋ ਵਿਹਾਰ ਕਰੋ, ਜਿਵੇਂ ਕਿ ਤੁਸੀਂ ਹੋਰ ਕਿਸੇ ਵੀ ਅਣਜਾਣੇ ਧਰਮ ਦੇ ਲੋਕਾਂ ਨਾਲ ਕਰਦੇ ਹੋ।"

ਗਾਲੀਓ ਦੇ ਸਾਹਮਣੇ ਮੁਕੱਦਮੇ ਨੇ ਉਹ ਰੁਖ ਨਹੀਂ ਲਿਆ ਜੋ ਸੋਸਥਨੇਸ ਚਾਹੁੰਦਾ ਸੀ। ਰਸੂਲਾਂ ਦੇ ਕਰਤੱਬ ਦੀ ਪੁਸਤਕ ਵਿੱਚ ਇਸ ਦੇ ਸਾਰੇ ਕਾਰਣ ਤਾਂ ਨਹੀਂ ਦਿੱਤੇ ਗਏ ਹਨ, ਪਰ ਪਤਾ ਨਹੀਂ ਕਿਉਂ ਅਦਾਲਤ ਦਾ ਫੈਸਲਾ ਆਉਂਦਿਆਂ ਹੀ ਉੱਥੇ ਖੜੇ ਲੋਕਾਂ ਨੇ ਯਹੂਦੀ-ਸਭਾਘਰ ਦੇ ਪਰਧਾਨ ਨੂੰ ਫੜ ਲਿਆ ਅਤੇ ਉਸ ਦਾ ਕੁਟਾਪਾ ਕਰ ਦਿੱਤਾ, ਸ਼ਾਇਦ ਬੁਰੀ ਤਰ੍ਹਾਂ। ਉਸ ਦਾ ਇਹ ਕੁਟਾਪਾ ਪ੍ਰੋਕੌਂਸਲ ਦੀਆਂ ਨਜ਼ਰਾਂ ਸਾਹਮਣੇ ਹੋਇਆ, ਜਿਸ ਨੂੰ ਇਸ ਦੀ ਕੋਈ ਪਰਵਾਹ ਨਹੀਂ ਸੀ। ਇਸ ਮਾਮਲੇ ਵਿੱਚ ਆਪਣੇ ਫੈਸਲੇ ਦੇ ਕਾਰਣ ਗਾਲੀਓ ਨੇ ਰੋਮੀਆਂ ਦੇ ਸਾਹਮਣੇ ਇੱਕ ਕਨੂੰਨੀ ਆਦਰਸ਼ ਪੇਸ਼ ਕੀਤਾ, ਜਿਹੜੇ ਅਗਲੇ ਕੁਝ ਵਰ੍ਹਿਆਂ ਤੱਕ ਯਹੂਦੀਆਂ ਅਤੇ ਮਸੀਹੀਆਂ ਨੂੰ ਇੱਕੋ ਜਿਹੇ ਪਰਮੇਸ਼ੁਰ ਦੇ ਅਰਾਧਕ ਮੰਨਣ ਵਾਲੇ ਸਨ। ਪਰ ਫਿਰ ਵੀ ਰਸੂਲਾਂ ਦੇ ਕਰਤੱਬ 18:17 ਆਖਦਾ ਹੈ, "ਪਰ ਗਾਲੀਓ ਨੇ ਇਨ੍ਹਾਂ ਗੱਲਾਂ ਵੱਲ ਕੁਝ ਧਿਆਨ ਨਾ ਕੀਤਾ।"

ਗਾਲੀਓ ਦੇ ਸਾਹਮਣੇ ਕੁਟਾਪਾ ਖਾ ਕੇ ਸੋਸਥਨੇਸ ਨੇ ਸੋਚਿਆ ਹੋਵੇਗਾ ਕਿ ਹੁਣ ਕੁਰਿੰਥੁਸ ਦੇ ਲੋਕ ਉਸ ਨੂੰ ਪਸੰਦ ਨਹੀਂ ਕਰਦੇ। ਸ਼ਾਇਦ ਇਸੇ ਕਰਕੇ ਉਹ ਉੱਥੋਂ ਛੱਡ ਕੇ ਅਫ਼ਸੁਸ ਵਿੱਚ ਆਣ ਵੱਸਿਆ ਸੀ। ਅਫ਼ਸੁਸ ਵਿੱਚ ਉਸ ਦੀ ਮੁਲਾਕਾਤ ਦੁਬਾਰਾ ਪੌਲੁਸ ਨਾਲ ਹੋਈ, ਸ਼ਾਇਦ ਇਸ ਦੇ ਲਈ ਪਹਿਲ ਉਸ ਨੇ ਆਪ ਹੀ ਕੀਤੀ ਹੋਵੇਗੀ। ਉਸ ਨੇ ਰਸੂਲ ਪੌਲੁਸ ਦੀ ਗੱਲ ਮੰਨ ਲਈ ਅਤੇ ਉਹੀ ਕੀਤਾ ਜੋ ਕਰਿਸਪੁਸ ਨੇ ਕੀਤਾ ਸੀ। ਸੋਸਥਨੇਸ ਨੇ ਮਸੀਹ ਨੂੰ ਪ੍ਰਭੂ ਕਰਕੇ ਸਵੀਕਾਰ ਕਰ ਲਿਆ, ਅਤੇ ਇਸ ਤਰ੍ਹਾਂ ਉਹ ਕੁਰਿੰਥੁਸ ਦੇ ਯਹੂਦੀ-ਸਭਾਘਰ ਦਾ ਦੂਜਾ ਪਰਧਾਨ ਸੀ ਜਿਸ ਨੇ ਮਸੀਹ ਅਤੇ ਮਸੀਹੀ ਸੁਨੇਹੇ ਵਿੱਚ ਵਿਸ਼ਵਾਸ ਕੀਤਾ ਸੀ।

ਸੋਸਥਨੇਸ ਪੌਲੁਸ ਦੇ ਨਾਲ ਸਲਾਮ ਘੱਲਦਾ ਹੈ, ਪਰ ਇਹ ਸਪੱਸ਼ਟ ਤੌਰ 'ਤੇ ਸਾਫ ਹੈ ਕਿ 1 ਕੁਰਿੰਥੀਆਂ ਨੂੰ ਲਿਖਣ ਵਿੱਚ ਉਸ ਨੇ ਕੋਈ ਯੋਗਦਾਨ ਨਹੀਂ ਦਿੱਤਾ ਸੀ। ਉਨ੍ਹਾਂ ਦੋਹਾਂ ਦੇ ਨਾਮਾਂ ਨੂੰ ਇਕੱਠੇ ਲਿਖੇ ਜਾਣਾ ਕੁਰਿੰਥੁਸ ਦੇ ਮਸੀਹੀਆਂ ਲਈ ਇੱਕ ਚਿੰਨ੍ਹ ਸੀ ਕਿ ਉਹ ਇੱਕ ਜੇਤੂ ਅੰਦੋਲਨ ਦਾ ਅਰੰਭ ਵੇਖ ਰਹੇ ਸਨ (ਵੇਖੋ ਰੋਮੀਆਂ 1:8-10; ਕੁਲੁੱਸੀਆਂ 1:6; 1 ਪਤਰਸ 5:9)। ਕਿਸੇ ਵੀ ਤਰ੍ਹਾਂ ਦਾ ਵਿਰੋਧ ਪਰਮੇਸ਼ੁਰ ਦੇ ਉਦੇਸ਼ ਨੂੰ ਪੂਰਾ ਹੋਣ ਤੋਂ ਨਹੀਂ ਰੋਕ ਸਕਿਆ। ਸ਼ਾਇਦ ਪੌਲੁਸ ਨੇ ਸੋਸਥਨੇਸ ਦੇ ਨਾਮ ਦੇ ਨਾਲ **ਸਾਡਾ ਭਰਾ** ਇਸ ਕਰਕੇ ਜੋੜਿਆ ਸੀ ਕਿਉਂਕਿ ਕੁਰਿੰਥੁਸ ਦੇ ਵਿਸ਼ਵਾਸੀਆਂ ਨੇ ਆਪਣੇ ਪੁਰਾਣੇ ਵੈਰੀਆਂ ਤੋਂ ਸਲਾਮ ਸੁਣਨ ਦੀ ਉਮੀਦ ਨਹੀਂ ਕੀਤੀ ਹੋਵੇਗੀ। ਉਸ ਦਾ ਪ੍ਰਭੂ ਨੂੰ ਸਵੀਕਾਰ ਕਰਨਾ ਉਨ੍ਹਾਂ ਦੇ ਲਈ ਇੱਕ ਹੈਰਾਨੀਜਨਕ ਖਬਰ ਰਹੀ ਹੋਵੇਗੀ।

**ਆਇਤ 2.** ਪੌਲੁਸ ਨੇ ਇਹ ਪੱਤਰ **ਪਰਮੇਸ਼ੁਰ ਦੀ ਕਲੀਸਿਯਾ ਨੂੰ ਜਿਹੜੀ ਕੁਰਿੰਥੁਸ ਵਿੱਚ ਹੈ** ਲਿਖਿਆ। "ਕਲੀਸਿਯਾ" ਸ਼ਬਦ LXX ਤੋਂ ਲਿਆ ਗਿਆ ਹੈ।[2] ਗੈਰ-ਧਾਰਮਿਕ ਸੰਸਾਰ ਵਿੱਚ ਇਹ ਨਗਰ ਦੇ ਇਕੱਠ ਲਈ ਇਸਤੇਮਾਲ ਕੀਤਾ ਜਾਣ ਵਾਲਾ ਇੱਕ ਆਮ ਸ਼ਬਦ ਹੁੰਦਾ ਸੀ ਜਿੱਥੇ ਲੋਕ ਰਲ਼ ਕੇ ਸਮਾਜ ਦੇ ਭਿੰਨ-ਭਿੰਨ ਮਸਲਿਆਂ ਦੇ ਫੈਸਲੇ ਲਿਆ ਕਰਦੇ ਸਨ (ਵੇਖੋ ਰਸੂਲਾਂ ਦੇ ਕਰਤੱਬ 19:39)। ਯੂਨਾਨੀ ਪਾਠਕਾਂ ਨੂੰ ਇਸ ਸ਼ਬਦ ਵਿਚਲੇ ਇਕੱਠ ਦੇ ਵਿਚਾਰ ਨੂੰ ਵੱਖਰਾ ਕਰਨ ਵਿੱਚ ਔਖਿਆਈ ਹੋਈ ਹੋਵੇਗੀ। ਜਦ ਪੌਲੁਸ ਨੇ

"ਕਲੀਸਿਯਾ" ਸ਼ਬਦ ਦੀ ਵਰਤੋਂ ਵਿਸ਼ਵਾਸੀਆਂ ਦੇ ਲਈ ਕੀਤੀ, ਤਾਂ ਉਸ ਵਿੱਚ ਉਸ ਦਾ ਭਾਵ ਇਹ ਸੀ ਕਿ ਮਸੀਹੀ ਲੋਕ ਇਕੱਠੇ ਹੁੰਦੇ ਸਨ। ਕਲੀਸਿਯਾ ਭਾਵੇਂ ਜੋ ਵੀ ਸੀ ਜਾਂ ਕਰਦੀ ਸੀ, ਮੁੱਖ ਗੱਲ ਉਸ ਦਾ ਇਕੱਠਾ ਹੋਣਾ ਸੀ। ਇਕੱਠਿਆਂ ਹੋਣ ਨਾਲ ਹੀ ਸਮਾਜਕ ਜੀਵਨ ਨੂੰ ਸਹਿਯੋਗ ਮਿਲਦਾ ਸੀ। ਮਸੀਹੀ ਲੋਕ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਇਕੱਠੇ ਹੁੰਦੇ ਸਨ ਅਤੇ ਪਰਮੇਸ਼ੁਰ ਦੀ ਵਡਿਆਈ ਕਰਦੇ ਸਨ। ਉਹ ਇੱਕੋ ਨਿਹਚਾ ਨੂੰ ਮੰਨਦਿਆਂ ਅਤੇ ਇੱਕੋ ਤਰ੍ਹਾਂ ਦੀ ਜੀਵਨਸ਼ੈਲੀ ਅਪਣਾਉਂਦਿਆਂ ਇੱਕ ਦੂਜੇ ਦਾ ਸਹਿਯੋਗ ਕਰਨ, ਹੌਂਸਲਾ ਦੇਣ, ਅਤੇ ਉਤਸ਼ਾਹਤ ਕਰਨ ਲਈ ਇਕੱਠੇ ਹੁੰਦੇ ਸਨ (ਇਬਰਾਨੀਆਂ 10:23-25)।

ਰਸੂਲ ਪੌਲੁਸ ਜਾਣਦਾ ਸੀ ਕਿ ਉਸ ਦੇ ਪਾਠਕਾਂ ਵੱਲੋਂ ਨਿਹਚਾ ਦਾ ਇਕਰਾਰ ਅਤੇ ਉਨ੍ਹਾਂ ਦਾ ਵਿਹਾਰ ਇਸ ਗੱਲ ਤੋਂ ਨਿਰਧਾਰਿਤ ਹੋਵੇਗਾ ਕਿ ਉਹ ਆਪਣੇ ਬਾਰੇ ਕੀ ਸੋਚਦੇ ਹਨ। ਉਹ "ਪਰਮੇਸ਼ੁਰ ਦੀ ਕਲੀਸਿਯਾ" ਸਨ; ਪੌਲੁਸ ਦੀ ਤਰ੍ਹਾਂ ਉਹ ਵੀ **ਮਸੀਹ ਯਿਸੂ ਵਿੱਚ ਪਵਿੱਤਰ ਕੀਤੇ ਹੋਏ** ਸਨ। ਉਹ ਇਸ ਕਰਕੇ ਪਵਿੱਤਰ ਕੀਤੇ ਗਏ ਸਨ ਭਈ ਉਸ ਦਾ ਨਾਮ ਲੈਣ ਵਾਲੀ ਉਸ ਦੀ ਪਰਜਾ ਅਖਵਾਉਣ। "ਪਵਿੱਤਰ ਕੀਤੇ ਜਾਣ ਦਾ ਅਰਥ ਕੋਈ ਖਾਸ ਨੈਤਿਕ ਗੁਣ ਨਹੀਂ ਹੈ ਜਿਸ ਨੂੰ ਹਾਸਿਲ ਕੀਤਾ ਜਾਂਦਾ ਹੈ, ਸਗੋਂ ਇਹ ਤਾਂ ਪਰਮੇਸ਼ੁਰ ਦੇ ਨਾਲ ਇੱਕ ਖਾਸ ਸੰਬੰਧ ਹੈ ਜਿਹੜਾ ਸਾਨੂੰ ਦਿੱਤਾ ਗਿਆ ਹੈ।"[3] ਪਵਿੱਤਰ ਕੀਤੇ ਜਾਣ ਦਾ ਅਰਥ ਹੈ ਪਵਿੱਤਰਤਾਈ ਪ੍ਰਾਪਤ ਕਰਨਾ। ਪੌਲੁਸ ਦੁਆਰਾ ਇਸ ਸ਼ਬਦ ਦੀ ਵਰਤੋਂ ਕਰਨ ਦਾ ਮਕਸਦ ਕੋਈ ਵੇਰਵਾ ਦੇਣਾ ਨਹੀਂ ਸੀ। ਸਗੋਂ ਉਹ ਤਾਂ ਇਨ੍ਹਾਂ ਮਸੀਹੀਆਂ ਨੂੰ ਚੁਣੌਤੀ ਦੇ ਰਿਹਾ ਸੀ ਕਿ ਉਹ ਉਹ ਬਣਨ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਣਾਇਆ ਹੈ। ਉਨ੍ਹਾਂ ਦੇ ਜੀਵਨਾਂ ਤੋਂ ਉਹ ਪਵਿੱਤਰਤਾ ਦਿਖਣੀ ਚਾਹੀਦੀ ਸੀ ਜਿਸ ਨੇ ਇਹ ਐਲਾਨ ਕੀਤਾ ਸੀ ਕਿ ਉਹ ਇਸ ਸੰਸਾਰ ਵਿੱਚ ਤਾਂ ਹਨ ਪਰ ਇਸ ਦੇ ਨਹੀਂ ਹਨ। ਇਸ ਪੱਤਰ ਵਿੱਚ ਇੱਥੋਂ ਹੀ ਪੌਲੁਸ ਦੇ ਸ਼ਬਦਾਂ ਨੇ ਮਸੀਹ ਦੀ ਦੇਹੀ ਵਿੱਚ ਮੁਢਲੀ ਏਕਤਾ ਉੱਤੇ ਜ਼ੋਰ ਦੇਣਾ ਅਰੰਭ ਕਰ ਦਿੱਤਾ ਸੀ। ਕੁਰਿੰਥੁਸ ਦੀ ਕਲੀਸਿਯਾ ਵਿਚਲੀ ਫੁੱਟ ਉਨ੍ਹਾਂ ਦੀ ਮਿੱਥੀ ਗਈ ਏਕਤਾ ਦੇ ਲਈ ਖਤਰਾ ਸੀ।

ਹਾਲਾਂਕਿ 1 ਕੁਰਿੰਥੀਆਂ ਵਿੱਚ ਦਿੱਤੀਆਂ ਗਈਆਂ ਸਮੱਸਿਆਵਾਂ ਅਤੇ ਚਿੰਤਾਵਾਂ ਖਾਸ ਕਰਕੇ ਕੁਰਿੰਥੁਸ ਦੀ ਕਲੀਸਿਯਾ ਦੇ ਲਈ ਸਨ, ਪਰ ਫਿਰ ਵੀ ਕੁਰਿੰਥੁਸ ਦੇ ਮਸੀਹੀਆਂ ਨੂੰ ਇਸ ਸਮਝਣ ਦੀ ਲੋੜ ਸੀ ਕਿ ਉਨ੍ਹਾਂ ਦਾ ਸਮਾਜ ਸੰਸਾਰਭਰ ਵਿੱਚ ਫੈਲੀ ਸੰਗਤੀ ਦਾ ਇੱਕ ਹਿੱਸਾ ਸੀ। ਭਾਵੇਂ ਇਹ ਕੁਰਿੰਥੁਸ, ਅਫ਼ਸੁਸ, ਜਾਂ ਹੋਰ ਕਿਸੇ ਵੀ ਨਗਰ ਦੀ ਕਲੀਸਿਯਾ ਹੋਵੇ, ਵਿਸ਼ਵਾਸੀਆਂ ਦੀ ਗਿਣਤੀ **ਉਨ੍ਹਾਂ ਸਭਨਾਂ** ਵਿੱਚ ਹੁੰਦੀ ਹੈ **ਜਿਹੜੇ ਹਰੇਕ ਥਾਂ ਸਾਡੇ ਪ੍ਰਭੂ ਯਿਸੂ ਮਸੀਹ ਦਾ ਨਾਮ ਲੈਂਦੇ ਹਨ ਜੋ ਉਨ੍ਹਾਂ ਦਾ ਨਾਲੇ ਸਾਡਾ ਪ੍ਰਭੂ ਹੈ।** ਉਹ ਪਰਮੇਸ਼ੁਰ ਦੇ ਵਿਸ਼ਾਲ ਨਿਸਤਾਰੇ ਦੇ ਕੰਮ ਵਿੱਚੋਂ ਪ੍ਰਾਪਤ ਕਰਦੇ ਹਨ ਅਤੇ ਉਸ ਵਿੱਚ ਆਪਣਾ ਯੋਗਦਾਨ ਦਿੰਦੇ ਹਨ। ਕੁਰਿੰਥੁਸ ਦੇ ਮਸੀਹੀਆਂ ਨੂੰ ਆਪਣੇ ਮਿਸ਼ਨ ਨੂੰ ਮੁਕਤੀ ਦੇ ਉਸ ਸੁਨੇਹੇ ਦੇ ਸੰਬੰਧ ਵਿੱਚ ਸਮਝਣ ਦੀ ਲੋੜ ਸੀ ਜਿਹੜਾ ਹਰੇਕ ਸਮੇਂ ਅਤੇ ਥਾਂ ਲਈ ਸੀ। ਯਿਸੂ ਮਸੀਹ, ਜੋ ਸਭਨਾਂ ਥਾਂਵਾਂ ਵਿੱਚ ਸਭਨਾਂ ਵਿਸ਼ਵਾਸੀਆਂ ਦਾ ਪ੍ਰਭੂ ਸੀ, "ਉਨ੍ਹਾਂ ਦਾ ਨਾਲੇ ਸਾਡਾ ਪ੍ਰਭੂ" ਸੀ।

**ਆਇਤ 3.** ਕੁਰਿੰਥੁਸ ਦੀ ਕਲੀਸਿਯਾ ਲਈ ਰਸੂਲ ਪੌਲੁਸ ਦੀ ਪ੍ਰਾਰਥਨਾ ਅਤੇ ਪ੍ਰੇਮਭਰੀ ਸਦਭਾਵਨਾ ਯੂਨਾਨੀ ਪੱਤਰਾਂ ਲਈ ਇਸਤੇਮਾਲ ਕੀਤੇ ਜਾਂਦੇ ਖਾਸ ਤਰ੍ਹਾਂ ਦੇ ਸਲਾਮ ਵਿੱਚ ਦਿਖਾਈ ਦਿੰਦੀ ਹੈ। ਉਸ ਨੇ ਲਿਖਿਆ, **ਤੁਹਾਨੂੰ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ।** ਇਨ੍ਹਾਂ ਸ਼ਬਦਾਂ ਨੂੰ ਖੋਖਲੇ ਨਹੀਂ ਸਮਝਿਆ ਜਾਣਾ ਚਾਹੀਦਾ; ਇਹ ਅਜਿਹੇ ਸ਼ਬਦ ਨਹੀਂ ਸਨ ਜਿਹੜੇ ਲਿਖਣੇ ਹੀ ਪੈਂਦੇ ਸਨ। ਇਹ ਨਿਹਚਾ ਹੀ ਸੀ ਜਿਹੜੀ ਪੌਲੁਸ ਅਤੇ ਕੁਰਿੰਥੁਸ ਦੀ

ਕਲੀਸਿਯਾ ਨੂੰ ਬੰਨ੍ਹ ਕੇ ਰਖਦੀ ਸੀ। ਉਹ ਇੱਕ ਸਨ ਕਿਉਂਕਿ **ਸਾਡੇ ਪਿਤਾ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ** ਨੇ ਉਨ੍ਹਾਂ ਨੂੰ ਇੱਕ ਕੀਤਾ ਸੀ। ਪਰਮੇਸ਼ੁਰ ਵੱਲੋਂ ਨਿਰਧਾਰਿਤ ਹੱਦਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਚੁਫੇਰੇ ਰਹਿਣ ਵਾਲੇ ਗੈਰਵਿਸ਼ਵਾਸੀ ਤੋਂ ਵੱਖਰਾ ਕੀਤਾ ਹੋਇਆ ਸੀ। ਕੁਰਿੰਥੁਸ ਦੇ ਮਸੀਹੀ ਜਾਣਦੇ ਸਨ ਉਨ੍ਹਾਂ ਨੂੰ ਸ਼ਾਂਤੀ ਅਤੇ ਕਿਰਪਾ ਜ਼ਰੂਰ ਮਿਲੇਗੀ।

ਪਰਮੇਸ਼ੁਰ ਦਾ ਪਿਤਾ ਹੋਣਾ ਅਤੇ ਯਿਸੂ ਮਸੀਹ ਦਾ ਪ੍ਰਭੂ ਹੋਣਾ ਪੌਲੁਸ ਲਈ ਮੁੱਖ ਸਿਧਾਂਤ ਸਨ। ਯੂਨਾਨੀ ਸਾਹਿਤ ਵਿੱਚ ਜ਼ਿਉਸ ਨੂੰ ਰੱਬੀ ਪਿਤਾ ਮੰਨਿਆ ਜਾਂਦਾ ਸੀ, ਘੱਟੋ-ਘੱਟ ਕਦੇ-ਕਦੇ ਤਾਂ ਜ਼ਰੂਰ; ਪਰ ਉਸ ਨੂੰ ਮਨੁੱਖਾਂ ਦੇ ਪਿਤਾ ਦੀ ਬਜਾਇ ਓਲਮਪਿਅਨ ਦੇਵਤਿਆਂ ਦਾ ਪਿਤਾ ਮੰਨਿਆ ਜਾਂਦਾ ਸੀ। ਇੱਥੋਂ ਤੱਕ ਕਿ ਪੁਰਾਣੇ ਨੇਮ ਵਿੱਚ ਵੀ ਪਰਮੇਸ਼ੁਰ ਨੂੰ ਪਿਤਾ ਵਜੋਂ ਵੇਖਣਾ ਬਹੁਤਾ ਪ੍ਰਚਲਿਤ ਵਿਸ਼ਾ ਨਹੀਂ ਸੀ, ਹਾਲਾਂਕਿ ਇਹ ਪੂਰੀ ਤਰ੍ਹਾਂ ਲੁਪਤ ਵੀ ਨਹੀਂ ਸੀ (ਵੇਖੋ ਹੋਸ਼ੇਆ 11:1-4)। ਯਿਸੂ ਅਤੇ ਪੌਲੁਸ ਦੋਵਾਂ ਨੇ ਪਿਤਾ ਨੂੰ ਇੱਕ ਲਾਭਦਾਇਕ ਰੂਪਕ ਮੰਨਿਆ ਕਿ ਪਰਮੇਸ਼ੁਰ ਦੀ ਪਰਜਾ ਲਈ ਪਰਮੇਸ਼ੁਰ ਦੇ ਪ੍ਰੇਮ ਨੂੰ ਅਤੇ ਪਰਮੇਸ਼ੁਰ ਦੇ ਪ੍ਰਤੀ ਉਨ੍ਹਾਂ ਦੀ ਜਵਾਬਦੇਹੀ ਨੂੰ ਸਮਝਣ ਵਿੱਚ ਵਿਸ਼ਵਾਸੀਆਂ ਦੀ ਮਦਦ ਕੀਤੀ ਜਾ ਸਕੇ। ਪਰਮੇਸ਼ੁਰ ਪਿਤਾ ਅਤੇ ਪ੍ਰਭੂ ਯਿਸੂ ਪਰਮੇਸ਼ੁਰਤਾਈ ਦੇ ਬਰਾਬਰ ਹਿੱਸੇ ਹਨ। ਮਸੀਹੀਆਂ ਨੂੰ ਉਨ੍ਹਾਂ ਦੀ ਦੋਹਰੇਪਣ ਅਤੇ ਏਕਤਾ ਵਿੱਚੋਂ ਕਿਰਪਾ ਅਤੇ ਸ਼ਾਂਤੀ ਮਿਲਦੀ ਹੈ।

## ਪਰਮੇਸ਼ੁਰ ਰਾਹੀਂ ਹਰੇਕ ਗੱਲ ਵਿੱਚ ਧਨੀ ਕੀਤੇ ਹੋਏ (1:4-9)

ਯੂਨਾਨੀ-ਰੋਮੀ ਸੰਸਾਰ ਵਿੱਚ ਅਲੰਕਾਰ ਵਿੱਦਿਆ ਸਕੂਲਾਂ ਵਿੱਚ ਬੁਲਾਰਿਆਂ ਅਤੇ ਲੇਖਕਾਂ ਨੂੰ ਇਹੋ ਜਿਹੇ ਸਬਦਾਂ ਨਾਲ ਸੰਬੋਧਿਤ ਕਰਨਾ ਸ਼ੁਰੂ ਕਰਨਾ ਸਿਖਾਇਆ ਜਾਂਦਾ ਸੀ ਜੋ ਉਨ੍ਹਾਂ ਦੇ ਆਪਣੇ ਆਪ ਅਤੇ ਉਨ੍ਹਾਂ ਦੇ ਸਰੋਤਿਆਂ ਵਿਚਕਾਰ ਪੁਲਾਂ ਨੂੰ ਬਣਾਉਣ ਦਾ ਕੰਮ ਕਰਦੇ ਸਨ। ਕਿਉਂਕਿ ਪੌਲੁਸ ਖੁਦ ਬਹੁਤ ਪੜ੍ਹਿਆ ਲਿਖਿਆ ਸੀ, ਇਸ ਲਈ ਉਸ ਦੇ ਆਪਣੇ ਵਾਰਤਾਲਾਪ ਵਿੱਚ ਸਹਾਇਤਾ ਦੇ ਲਈ ਆਪਣੀ ਦੁਨਿਆਵੀ ਸਿੱਖਿਆ ਦਾ ਪ੍ਰਯੋਗ ਕੀਤਾ। ਰਸਮੀ ਸਲਾਮ ਤੋਂ ਬਾਅਦ, ਪੌਲੁਸ ਨੇ ਕੁਰਿੰਥੁਸ ਦੀ ਕਲੀਸੀਆ ਨੂੰ ਉਨ੍ਹਾਂ ਬਰਕਤਾਂ ਦੇ ਬਾਰੇ ਚੇਤੇ ਕਰਾਇਆ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤੀਆਂ ਸਨ:

**4 ਮੈਂ ਪਰਮੇਸ਼ੁਰ ਦੀ ਕਿਰਪਾ ਦੇ ਕਾਰਨ ਜਿਹੜੀ ਯਿਸੂ ਮਸੀਹ ਵਿੱਚ ਤੁਹਾਨੂੰ ਦਿੱਤੀ ਗਈ ਹੈ ਤੁਹਾਡੇ ਲਈ ਸਦਾ ਆਪਣੇ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ। 5 ਇਸ ਲਈ ਜੋ ਤੁਸੀਂ ਉਸ ਵਿੱਚ ਹਰੇਕ ਗੱਲ ਅਰਥਾਤ ਸਰਬ ਵਾਕ ਅਤੇ ਸਰਬ ਗਿਆਨ ਵਿੱਚ ਧਨੀ ਕੀਤੇ ਹੋਏ ਸਾਓ। 6 ਜਿਵੇਂ ਮਸੀਹ ਦੀ ਸਾਖੀ ਤੁਹਾਡੇ ਵਿੱਚ ਕਾਇਮ ਹੋਈ। 7 ਇੱਥੋਂ ਤੀਕ ਜੋ ਤੁਹਾਨੂੰ ਕਿਸੇ ਦਾਤ ਵਿੱਚ ਘਾਟਾ ਨਹੀਂ ਹੈ ਜਦ ਕਿ ਤੁਸੀਂ ਸਾਡੇ ਪ੍ਰਭੂ ਯਿਸੂ ਮਸੀਹ ਦੇ ਪਰਗਟ ਹੋਣ ਦੀ ਉਡੀਕ ਕਰਦੇ ਹੋ। 8 ਉਹ ਤੁਹਾਨੂੰ ਅੰਤ ਤੀਕ ਕਾਇਮ ਵੀ ਰੱਖੇਗਾ ਭਈ ਤੁਸੀਂ ਸਾਡੇ ਪ੍ਰਭੂ ਯਿਸੂ ਮਸੀਹ ਦੇ ਦਿਨ ਨਿਰਦੋਸ਼ ਹੋਵੋ। 9 ਪਰਮੇਸ਼ੁਰ ਵਫ਼ਾਦਾਰ ਹੈ ਜਿਹ ਦੇ ਰਾਹੀਂ ਤੁਸੀਂ ਉਹ ਦੇ ਪੁੱਤ੍ਰ ਯਿਸੂ ਮਸੀਹ ਸਾਡੇ ਪ੍ਰਭੂ ਦੀ ਸੰਗਤ ਲਈ ਸੱਦੇ ਹੋਏ ਸਾਓ।**

ਇਹ ਸ਼ਬਦ ਪ੍ਰਸ਼ੰਸਾਤਮਕ ਹਨ। ਪਰਮੇਸ਼ੁਰ ਨੇ ਕੁਰਿੰਥੁਸ ਦੇ ਲੋਕਾਂ ਨੂੰ ਚੁਣਿਆ ਸੀ, ਪਰ ਉਹ ਕਿਰਪਾ ਦੇ ਸੁਸਤ ਪ੍ਰਾਪਤਕਰਤਾ ਨਹੀਂ ਸਨ। ਉਨ੍ਹਾਂ ਨੇ ਉਹ ਦੇ ਲਈ ਇੱਕ ਫ਼ੈਸਲਾ ਵੀ ਲਿਆ ਸੀ। ਜਿਵੇਂ ਕਿ ਉਸ ਨੇ ਆਪਣੀ ਪੂਰੀ ਪੱਤ੍ਰੀ ਵਿੱਚ ਕੀਤਾ ਹੈ, ਪੌਲੁਸ ਨੇ ਆਪਣੇ ਪਾਠਕਾਂ ਨੂੰ ਉਹ ਬਣਨ ਦੀ ਅਪੀਲ ਕੀਤੀ ਸੀ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਣਾਇਆ ਸੀ।

ਜਿਵੇਂ ਕਿ ਉਹ ਮੁਬਾਰਕ ਸਨ, ਉਨ੍ਹਾਂ ਨੇ ਪਰਮੇਸ਼ੁਰ ਦੇ ਪਿਤਾਪਣ ਅਤੇ ਯਿਸੂ ਦੀ ਪ੍ਰਭੂਤਾ ਦਾ ਇਕਰਾਰ ਕਰਨ ਦੇ ਦੁਆਰਾ ਮਸੀਹ ਦੇ ਲਈ ਆਪਣੇ ਫ਼ੈਸਲਾ ਲੈਣ ਨੂੰ ਪੂਰਾ ਨਹੀਂ ਸੀ ਕੀਤਾ। ਉਨ੍ਹਾਂ ਦੇ ਸਾਹਮਣੇ ਵਫ਼ਾਦਾਰੀ ਦਾ ਇੱਕ ਸਫ਼ਰ ਪਿਆ ਹੋਇਆ ਹੈ।

**ਆਇਤ 4.** ਪੌਲੁਸ ਆਮ ਤੌਰ ਤੇ ਆਪਣੀਆਂ ਪੱਤ੍ਰੀਆਂ ਦੀ ਸ਼ੁਰੂਆਤ ਧੰਨਵਾਦ ਦੀ ਪ੍ਰਾਰਥਨਾ ਨਾਲ ਕਰਦਾ ਸੀ (ਰੋਮੀਆਂ 1:8; ਅਫ਼ਸੀਆਂ 1:6; ਫ਼ਿਲਿੱਪੀਆਂ 1:3; ਕੁਲੁੱਸੀਆਂ 1:3; 1 ਥੱਸਲੁਨੀਕੀਆਂ 1:2; 2:13; 2 ਥੱਸਲੁਨੀਕੀਆਂ 1:3)। ਉਹ ਉਸ ਕਿਰਪਾ ਦੇ ਲਈ ਧੰਨਵਾਦੀ ਸੀ ਜੋ ਪਰਮੇਸ਼ੁਰ ਨੇ ਕੁਰਿੰਥੁਸ ਦੇ ਵਿਸ਼ਵਾਸੀਆਂ ਅਤੇ ਉਨ੍ਹਾਂ ਦੇ ਵਫ਼ਾਦਾਰ ਜਵਾਬ ਦੇ ਲਈ ਵਿਖਾਈ ਸੀ। ਕਲੀਸੀਆ ਵਿੱਚ ਗੜਬੜੀ ਨੂੰ ਸਮਝਦੇ ਹੋਏ, ਇਹ ਅਨੋਖੀ ਗੱਲ ਹੈ ਕਿ ਪੌਲੁਸ ਨੇ ਲਿਖਿਆ, **ਤੁਹਾਡੇ ਲਈ ਸਦਾ ਆਪਣੇ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ**। ਫਿਰ ਵੀ, ਪ੍ਰਾਰਥਨਾ ਨੂੰ ਇੱਕ ਰਸਮ ਵਜੋਂ ਖਾਰਜ ਨਹੀਂ ਕੀਤਾ ਜਾਣਾ ਚਾਹੀਦਾ। ਪਰਮੇਸ਼ੁਰ ਦੀ ਕਿਰਪਾ **ਜਿਹੜੀ ਯਿਸੂ ਮਸੀਹ ਵਿੱਚ ਤੁਹਾਨੂੰ ਦਿੱਤੀ ਗਈ ਹੈ** ਮਨੁੱਖੀ ਅਸਫ਼ਲਤਾਵਾਂ ਦੇ ਬਾਵਜੂਦ ਵੀ ਕਿਰਿਆਸ਼ੀਲ ਸੀ। ਪਰਮੇਸ਼ੁਰ ਉਨ੍ਹਾਂ ਕਲੀਸੀਆਵਾਂ ਵਿੱਚ ਵੀ ਪਾਪੀਆਂ ਨੂੰ ਧਰਮੀ ਠਹਿਰਾਉਂਦਾ ਹੈ ਜਿਨ੍ਹਾਂ ਵਿੱਚ ਪਰਿਪੱਕਤਾ ਦੀ ਕਮੀ ਹੈ। ਪੌਲੁਸ ਇਸ ਗੱਲ ਦੇ ਲਈ ਧੰਨਵਾਦੀ ਸੀ ਕਿ ਕੁਰਿੰਥੁਸ ਵਿੱਚ ਵਿਸ਼ਵਾਸੀ ਲੋਕਾਂ ਨੇ ਖੁਸ਼ਖ਼ਬਰੀ ਦਾ ਪਾਲਨ ਕੀਤਾ ਸੀ ਅਤੇ ਇਹ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਚਾਏ ਗਏ ਲੋਕਾਂ ਦੀ ਦੇਹ ਨਾਲ ਜੋੜਿਆ ਸੀ। ਉਹ ਅਗਿਆਨਤਾ ਅਤੇ ਅਭਮਾਨ ਨੂੰ ਜੋ ਕੁਰਿੰਥੁਸ ਵਿੱਚ ਪਰਗਟ ਕੀਤੀ ਗਈ ਸੀ ਉਹ ਨੂੰ ਉਸ ਕੰਮ ਤੋਂ ਉਸ ਦਾ ਧਿਆਨ ਨਹੀਂ ਹਟਾਉਣ ਦੇਵੇਗਾ ਜੋ ਪਰਮੇਸ਼ੁਰ ਨੇ ਲੋਕਾਂ ਨੂੰ ਛੁਟਕਾਰਾ ਦੇਣ ਦੇ ਲਈ ਕੀਤਾ ਸੀ।

ਦੋ ਵਾਕਾਂ ਵਿੱਚ (1:3, 4), ਪੌਲੁਸ ਨੇ ਦੋ ਆਮ ਸ਼ਬਦਾਂ ਦਾ ਪ੍ਰਯੋਗ ਕੀਤਾ ਜਿਨ੍ਹਾਂ ਦਾ ਅਨੁਵਾਦ **ਕਿਰਪਾ** (χάρις, *ਚੈਰਿਸ*) ਕੀਤਾ ਗਿਆ ਸੀ। ਪੌਲੁਸ ਕਿਰਪਾ ਅਤੇ ਸ਼ਾਂਤੀ ਦੇ ਸਧਾਰਣ ਅਰਥ ਨੂੰ ਪਰਗਟ ਕਰਨ ਦੇ ਲਈ ਇਸ ਸ਼ਬਦ ਦੀ ਵਰਤੋਂ ਕਰਨ ਤੋਂ ਝਿੱਜਕਿਆ ਨਹੀਂ ਸੀ (1:13), ਪਰ ਆਇਤ 4 ਵਿੱਚ ਉਹ ਇਸ ਦੇ ਅਰਥ ਨੂੰ ਇੱਕ ਹੋਰ ਪੱਧਰ ਤੇ ਲੈ ਗਿਆ। ਮਸੀਹੀ ਲੋਕਾਂ ਦੇ ਲਈ, "ਕਿਰਪਾ" ਸ਼ਬਦ ਦਾ ਇੱਕ ਤਕਨੀਕੀ ਅਰਥ ਹੈ ਜੋ ਕਿ ਨਾਉਮੀਦ ਕੀਤਾ ਹੋਇਆ, ਮੁਫ਼ਤ ਮਿਲਣ ਵਾਲਾ ਅਤੇ ਦਿਆਲੂ ਤੋਹਫ਼ਾ ਹੈ ਜੋ "ਮਸੀਹ ਯਿਸੂ ਵਿੱਚ . . . ਦਿੱਤਾ ਗਿਆ ਹੈ।" ਇਸ ਪੱਤ੍ਰੀ ਵਿੱਚ ਪੌਲੁਸ ਦੀ ਸਾਰੀ ਝਿੜਕ ਅਤੇ ਸੁਧਾਰ ਨੂੰ ਉਸ ਕਿਰਪਾ ਦੇ ਲਈ ਪੌਲੁਸ ਦੇ ਸੰਦਰਭ ਵਿੱਚ ਪੜ੍ਹਿਆ ਜਾਣਾ ਚਾਹੀਦਾ ਹੈ ਜੋ ਉਸ ਨੇ ਕੁਰਿੰਥੁਸ ਦੀ ਕਲੀਸੀਆ ਵਿੱਚ ਭੈਣਾਂ ਅਤੇ ਭਰਾਵਾਂ ਨਾਲ ਸਾਂਝੀ ਕੀਤੀ ਸੀ। ਉਸ ਸਮੇਂ ਭਾਵੇਂ ਜਿਹੜੀ ਵੀ ਗੜਬੜੀ ਨੇ ਉਨ੍ਹਾਂ ਨੂੰ ਘੇਰਿਆ ਹੋਇਆ ਸੀ, ਰਸੂਲ ਆਪਣੇ ਪਾਠਕਾਂ ਨੂੰ ਸਿਰਫ ਇਹ ਦੱਸਣਾ ਚਾਹੁੰਦਾ ਸੀ ਕਿ ਆਤਮਿਕ ਬਰਕਤਾਂ ਜੋ ਉਨ੍ਹਾਂ ਨੂੰ ਮਸੀਹ ਵਿੱਚ ਮਿਲੀਆਂ ਹੋਈਆਂ ਸਨ ਪਰਮੇਸ਼ੁਰ ਵੱਲੋਂ ਇੱਕ ਤੋਹਫ਼ਾ ਸਨ। ਉਸ ਦਾ ਭਰੋਸਾ ਇਹ ਸੀ ਕਿ ਜਿਵੇਂ-ਜਿਵੇਂ ਉਹ ਪਰਮੇਸ਼ੁਰ ਦੀ ਕਿਰਪਾ ਵਿੱਚ ਵੱਧਦੇ ਜਾਣਗੇ, ਉਹ ਉਸ ਫੁੱਟ ਅਤੇ ਪਾਪ ਤੋਂ ਦੂਰ ਹੁੰਦੇ ਜਾਣਗੇ ਜੋ ਉਨ੍ਹਾਂ ਦੇ ਅੰਦਰ ਦੇ ਆਤਮਾ ਦਾ ਦਮ ਘੁੱਟ ਰਹੇ ਸਨ।

**ਆਇਤ 5.** ਰਸੂਲ ਦਾ ਇਹ ਹਵਾਲਾ **ਸਰਬ ਵਾਕ ਅਤੇ ਸਰਬ ਗਿਆਨ** ਉਨ੍ਹਾਂ ਗੱਲਾਂ ਨੂੰ ਪੇਸ਼ ਕਰਦਾ ਹੈ ਜੋ ਅਸਪਸ਼ਟ ਦਿਖਾਈ ਦਿੰਦੀਆਂ ਹਨ ਜਿਵੇਂ-ਜਿਵੇਂ ਪੱਤ੍ਰੀ ਖੁੱਲ੍ਹਦੀ ਜਾਂਦੀ ਹੈ। ਕੁਰਿੰਥੁਸ ਵਿੱਚ ਕੁਝ ਵਿਸ਼ਵਾਸੀਆਂ ਨੇ ਪਰਤੱਖ ਰੂਪ ਵਿੱਚ ਉਨ੍ਹਾਂ ਦੇ ਗਿਆਨ ਦੇ ਹੁਕਮ ਵਿੱਚ ਅਭਮਾਨ ਕੀਤਾ ਸੀ, ਪਰ ਗਿਆਨ ਨੂੰ ਉਹ ਜੋ ਸਮਝੇ ਸਨ ਉਹ ਉਸ ਨਾਲੋਂ ਬਿਲਕੁਲ

ਵੱਖਰਾ ਸੀ ਜੋ ਪੌਲੁਸ ਨੇ ਗਿਆਨ ਨੂੰ ਸਮਝਿਆ ਸੀ (3:18-20)। ਪੌਲੁਸ ਇਸ ਗੱਲ ਦੇ ਲਈ ਧੰਨਵਾਦੀ ਸੀ ਕਿ ਉਸ ਦੇ ਪਾਠਕ **ਮਸੀਹ ਵਿੱਚ ਧਨੀ ਹੋਏ ਸਨ**; ਉਹ ਧਨੀ ਬਣ ਕੇ ਉਸ ਦੇ ਵਿੱਚ ਸਾਂਝੀ ਹੋਏ ਸਨ ਜੋ ਪ੍ਰਭੂ ਦੇ ਕੋਲ ਉਨ੍ਹਾਂ ਨੂੰ ਦੇਣ ਦੇ ਲਈ ਸੀ। ਪੌਲੁਸ ਦੇ ਲਈ, ਯਿਸੂ "ਸਰਬ ਵਾਕ ਅਤੇ ਸਰਬ ਗਿਆਨ" ਦਾ ਸ੍ਰੋਤ ਸੀ। ਰਸੂਲ ਨੇ ਬੜੀ ਹੀ ਕੁਸ਼ਲਤਾ ਨਾਲ ਉਨ੍ਹਾਂ ਦੀ ਤਾਰੀਫ ਕਰਨ ਦੇ ਨਾਲ ਉਨ੍ਹਾਂ ਨੂੰ ਝਿੜਕ ਵੀ ਦਿੱਤਾ। ਬੋਲਚਾਲ ਅਤੇ ਸਿੱਖਿਆ ਵਿੱਚ ਕੁਰਿੰਥੁਸ ਦੇ ਲੋਕਾਂ ਦੇ ਅਭਮਾਨ ਨੇ, ਦੁਨਿਆਵੀ ਖੇਤਰ ਵਿੱਚ ਉਨ੍ਹਾਂ ਦੇ ਉੱਚੇ ਕੀਤਾ ਜਾਣ ਨੇ, ਪੌਲੁਸ ਨੂੰ ਵਿਅੰਗ ਦੇ ਸੰਕੇਤ ਨਾਲੋਂ ਵੀ ਵੱਧ ਕੇ ਸ਼ਬਦ ਦਿੱਤੇ।

ਇਹ ਪੱਤ੍ਰੀ ਇਹ ਸਪੱਸ਼ਟ ਕਰਦੀ ਹੈ ਕਿ ਕੁਰਿੰਥੁਸ ਦੇ ਕੁਝ ਲੋਕ ਭਾਸ਼ਣ ਨੂੰ ਬਹੁਤ ਜ਼ਿਆਦਾ ਮਹੱਤਵ ਦਿੰਦੇ ਹਨ ਜਿਵੇਂ ਕਿ ਉਸ ਸਮੇਂ ਦੀਆਂ ਸਾਹਿਤ ਸ਼ਾਸਤਰ ਸੰਬੰਧੀ ਕਨਵੈਨਸ਼ਨਾਂ ਵਰਣਨ ਕਰਦੀਆਂ ਹਨ। ਪੌਲੁਸ ਜਾਣਦਾ ਸੀ ਕਿ ਸਾਹਿਤ ਸ਼ਾਸਤਰ ਸੰਬੰਧੀ ਕੁਸ਼ਲਤਾ ਪ੍ਰਭੂ ਦੇ ਕੰਮ ਨੂੰ ਪੂਰਾ ਕਰ ਸਕਦੀ ਜਾਂ ਨਹੀਂ ਵੀ ਕਰ ਸਕਦੀ ਸੀ। ਜਦ ਕਿ ਕੁਰਿੰਥੁਸ ਦੇ ਲੋਕ ਉਨ੍ਹਾਂ ਦੇ ਗਿਆਨ ਵਿੱਚ ਅਭਮਾਨ ਕਰਦੇ ਸਨ, ਪੌਲੁਸ ਨੂੰ ਕਈ ਆਸ਼ੰਕਾਵਾਂ ਸਨ। ਮਸੀਹ ਵਿੱਚ, ਉਹ ਪਰਮੇਸ਼ੁਰ ਨੂੰ ਜਾਣਨ ਅਤੇ ਪਰਮੇਸ਼ੁਰ ਦੇ ਬਾਰੇ, ਉਸ ਦੇ ਪਰਕਾਸ਼, ਛੁਟਕਾਰੇ ਅਤੇ ਸਦੀਪਕ ਜੀਵਨ ਦੇ ਬਾਰੇ ਬੋਲਣ ਦੇ ਲਈ ਮੁਬਾਰਕ ਹੋਏ ਸਨ। ਪਰਮੇਸ਼ੁਰ ਨੂੰ ਮਹਿਮਾ ਦੇਣ ਦੀ ਬਜਾਇ, ਕੁਰਿੰਥੁਸ ਦੇ ਲੋਕ, ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ, ਬੁਲੰਦ ਭਾਸ਼ਣ ਨੂੰ ਜ਼ਿਆਦਾ ਮਹੱਤਵ ਦਿੰਦੇ ਸਨ ਅਤੇ ਬੜੀ ਹੀ ਚਲਾਕੀ ਨਾਲ ਆਪਣੇ ਆਪ ਵਿੱਚ ਗਿਆਨ ਨੂੰ ਹੀ ਸਭ ਕੁਝ ਸਮਝਦੇ ਸਨ।

ਰਸੂਲ ਦੇ ਪਰਚਾਰ ਨੇ ਉਨ੍ਹਾਂ ਨੂੰ ਅਭਮਾਨ ਕਰਨ ਜਾਂ ਫੁੱਟ ਪਾਉਣ ਵਾਲੀਆਂ ਤੁਲਨਾਵਾਂ ਕਰਨ ਦਾ ਮੌਕਾ ਨਹੀਂ ਸੀ ਦਿੱਤਾ। ਉਸ ਨੇ ਅਤੇ ਕੁਰਿੰਥੁਸ ਵਿੱਚ ਭਰਾਵਾਂ, ਦੋਵਾਂ ਨੇ ਗਿਆਨ ਅਤੇ ਸੱਚਾਈ ਦੇ ਸਪੱਸ਼ਟ ਵਾਰਤਾਲਾਪ ਨੂੰ ਮਹੱਤਵ ਦਿੱਤਾ ਸੀ; ਪਰ ਉਹ ਮਾਪਦੰਡ ਜਿਸ ਦੇ ਨਾਲ ਉਸ ਨੇ ਉਨ੍ਹਾਂ ਦੀ ਬੋਲੀ ਅਤੇ ਸਮਝ ਨੂੰ ਜਾਂਚਿਆਂ ਸੀ ਉਨ੍ਹਾਂ ਦੇ ਮਾਪਦੰਡ ਵਰਗਾ ਨਹੀਂ ਸੀ। ਇਹ ਭਰਾ ਸੱਚਮੁੱਚ ਧਨੀ ਸਨ, ਪਰ ਉਹ ਹਾਲੇ ਤੱਕ ਇਹ ਨਹੀਂ ਸੀ ਸਮਝੇ ਕਿ ਉਹ ਤੋਹਫ਼ੇ ਜੋ ਉਨ੍ਹਾਂ ਨੂੰ ਮਸੀਹ ਵਿੱਚ ਮਿਲੇ ਸਨ ਉਨ੍ਹਾਂ ਨੂੰ ਉਨ੍ਹਾਂ ਦੇ ਆਲੇ-ਦੁਆਲੇ ਦੇ ਲੋਕਾਂ ਦੇ ਰਵੱਈਆਂ ਨੂੰ ਠੁਕਰਾਉਣ ਦੀ ਅਪੀਲ ਕਰ ਰਹੇ ਸਨ।

**ਆਇਤ 6.** ਮਸੀਹ ਦਾ ਗਿਆਨ ਉਸ ਸਾਖੀ ਤੋਂ ਆਇਆ ਸੀ ਜੋ ਪੌਲੁਸ ਅਤੇ ਦੂਜੇ ਲੋਕਾਂ ਨੇ ਕਰਿੰਥੁਸ ਦੇ ਲੋਕਾਂ ਨੂੰ ਦਿੱਤੀ ਸੀ। ਉਨ੍ਹਾਂ ਦਾ ਜ਼ੋਰ ਇਸ ਗੱਲ ਤੇ ਸੀ ਕਿ ਯਿਸੂ ਨੇ ਬਚਨ ਅਤੇ ਕੰਮ ਵਿੱਚ ਆਪਣੇ ਆਪ ਨੂੰ ਮਸੀਹ ਬਣ ਕੇ ਵਿਖਾਇਆ ਸੀ (15:1-4)। ਪਰਮੇਸ਼ੁਰ ਨੇ ਯਿਸੂ ਨਾਸਰੀ ਨੂੰ ਮੁਰਦਿਆਂ ਵਿੱਚ ਜਿਵਾਲ ਕੇ ਉਸ ਨੂੰ ਆਪਣਾ ਪੁੱਤਰ ਘੋਸ਼ਿਤ ਕੀਤਾ ਸੀ (ਰੋਮੀਆਂ 1:4)। ਰਸੂਲ ਨੇ ਉਸ ਦੀ ਗੁਹਾਰ ਲਗਾਈ ਜੋ ਕੁਰਿੰਥੁਸ ਦੇ ਲੋਕ ਜਾਣਦੇ ਸਨ : ਉਨ੍ਹਾਂ ਵਿੱਚ **ਮਸੀਹ ਦੀ ਸਾਖੀ ਵਿੱਚ ਕਾਇਮ ਹੋਈ** ਸੀ। ਤੀਜੇ ਦਲ ਵਾਲੇ ਪਾਠਕ ਉਨ੍ਹਾਂ ਹਾਲਾਤਾਂ ਤੋਂ ਅਣਜਾਣ ਸਨ ਜਿਨ੍ਹਾਂ ਨੂੰ ਪੌਲੁਸ ਜਾਣਦਾ ਸੀ ਅਤੇ ਉਸ ਦੇ ਪਹਿਲੇ ਪਾਠਕ ਇਸ ਗੱਲ ਤੋਂ ਹੈਰਾਨ ਸਨ ਕਿ ਰਸੂਲ ਦੀ ਸਾਖੀ ਕਿਵੇਂ ਕਾਇਮ ਹੋਈ ਸੀ। ਬਾਅਦ ਵਿੱਚ, ਉਸ ਨੇ ਇਹ ਜ਼ੋਰ ਦਿੱਤਾ ਕਿ "ਸੱਚੇ ਰਸੂਲਾਂ ਦੇ ਨਿਸ਼ਾਨ . . . ਤੁਹਾਡੇ ਵਿੱਚ ਠੀਕ ਵਿਖਾਏ ਗਏ" (2 ਕੁਰਿੰਥੀਆਂ 12:12)। ਜਦੋਂ ਪੌਲੁਸ ਕੁਰਿੰਥੁਸ ਸ਼ਹਿਰ ਵਿੱਚ ਸੀ, ਉਨ੍ਹਾਂ ਦੇ ਸਿਰਾਂ ਤੇ ਹੱਥਾਂ ਨੂੰ ਰੱਖਣ ਦੇ ਦੁਆਰਾ, ਪਵਿੱਤਰ ਆਤਮਾ ਨੇ ਕੁਰਿੰਥੁਸ ਦੇ ਕੁਝ ਲੋਕਾਂ ਨੂੰ ਸ਼ਕਤੀ ਦਿੱਤੀ ਸੀ। ਇਸ ਬਰਕਤ ਨੂੰ ਪ੍ਰਾਪਤ ਕਰਨ ਵਾਲੇ, ਆਪਣੇ ਵਿਵੇਕ ਨਾਲ, ਕਰਮਾਤਾਂ

ਕਰ ਸਕਦੇ ਸਨ (1 ਕੁਰਿੰਥੀਆਂ 12:7-10)।

ਖੁਸ਼ਖ਼ਬਰੀ ਦਾ ਪਰਚਾਰ ਸੱਚਮੁੱਚ ਕਰਾਮਾਤਾਂ ਨਾਲ ਕਾਇਮ ਹੋਇਆ ਸੀ, ਪਰ ਇੱਥੇ ਪੌਲੁਸ ਦੇ ਮਨ ਵਿੱਚ ਕੋਈ ਵੱਖਰੀ ਗੱਲ ਸੀ। ਸ਼ਾਇਦ ਉਹ ਉਨ੍ਹਾਂ ਬਦਲਾਵਾਂ ਵੱਲ ਸੰਕੇਤ ਕਰ ਰਿਹਾ ਸੀ ਜੋ ਕੁਰਿੰਥੁਸ ਦੇ ਮਸੀਹੀ ਲੋਕਾਂ ਵਿੱਚ ਉਸ ਤਰੀਕੇ ਨਾਲ ਹੋਏ ਸਨ ਜਿਸ ਤਰੀਕੇ ਨਾਲ ਉਹ ਆਪਣਾ ਜੀਵਨ ਜੀ ਰਹੇ ਸਨ ਜਾਂ ਉਨ੍ਹਾਂ ਅਨੁਭਵਾਂ ਵੱਲ ਜਿਨ੍ਹਾਂ ਦਾ ਉਨ੍ਹਾਂ ਨੇ ਅਨੰਦ ਮਾਣਿਆ ਸੀ ਕਿਉਂਕਿ ਉਹ ਛੁਟਕਾਰਾ ਪਾਏ ਹੋਏ ਲੋਕ ਸਨ। ਬਦਲੇ ਹੋਏ ਜੀਵਨ ਉਸ ਦੀਆਂ ਸਿੱਖਿਆਵਾਂ ਦੀ ਸੱਚਾਈ ਦੀ ਪੁਸ਼ਟੀ ਕਰ ਸਕਦੇ ਸਨ। ਦੂਜੀ ਵਿਆਖਿਆ ਸ਼ਾਇਦ ਆਕਰਸ਼ਕ ਹੈ, ਇਹ ਬਹੁਤ ਹੀ ਅਨਿਸ਼ਚਤ ਅਤੇ ਭਾਵਵਾਚਕ ਹੈ। ਅਨੁਵਾਦ ਕੀਤਾ ਗਿਆ ਸ਼ਬਦ "ਕਾਇਮ ਹੋਈ" (βεβαιόω, *ਬੀਬਾਈਊ* ਤੋਂ) ਕੁਰਿੰਥੁਸ ਦੇ ਲੋਕਾਂ ਦੇ ਲਈ ਉਨ੍ਹਾਂ ਸਮਿਆਂ ਨੂੰ ਚੇਤੇ ਕਰਨ ਦਾ ਸਬੱਬ ਬਣਿਆ ਹੋਵੇਗਾ ਜਦੋਂ ਉਨ੍ਹਾਂ ਨੇ ਇੱਕ ਲੰਗੜੇ ਮਨੁੱਖ ਨੂੰ ਚੱਲਦਿਆਂ ਜਾਂ ਅੰਨ੍ਹੇ ਮਨੁੱਖ ਨੂੰ ਸੁਜਾਖਾ ਹੁੰਦਾ ਵੇਖਿਆ ਸੀ। ਇਬਰਾਨੀਆਂ ਦੀ ਪੱਤ੍ਰੀ ਦੇ ਲੇਖਕ ਨੇ ਵੀ ਇਸੇ ਕਿਰਿਆ ਦੀ ਵਰਤੋਂ ਕੀਤੀ ਜਿਸ ਦਾ ਅਰਥ ਹੈ "ਕਾਇਮ ਕੀਤੇ ਗਏ" ਜਦੋਂ ਉਸ ਨੇ ਉਸ ਸੱਚਾਈ ਦੀ ਸਾਖੀ ਦੇ ਬਾਰੇ ਲਿਖਿਆ ਕਿ "ਪਰਮੇਸ਼ੁਰ ਵੀ ਨਿਸ਼ਾਨੀਆਂ ਅਤੇ ਅਚੰਭਿਆਂ ਅਤੇ ਨਾਨਾ ਪਰਕਾਰ ਦੀਆਂ ਕਰਾਮਾਤਾਂ ਅਤੇ ਪਵਿੱਤਰ ਆਤਮਾ ਦੀਆਂ ਵੰਡਾਂ ਦੇ ਵਸੀਲੇ ਆਪਣੀ ਇੱਛਿਆ ਦੇ ਅਨੁਸਾਰ ਉਨ੍ਹਾਂ ਦੇ ਨਾਲ ਸਾਖੀ ਦਿੰਦਾ ਰਿਹਾ" (ਇਬਰਾਨੀਆਂ 2:3, 4)।

**ਆਇਤ 7.** ਰਸੂਲ ਨੇ ਉਨ੍ਹਾਂ ਆਤਮਿਕ ਬਰਕਤਾਂ ਦੀ ਮਾਤਰਾ ਦੀ ਪੁਸ਼ਟੀ ਕਰਨ ਦੇ ਲਈ ਮਿਹਨਤ ਕੀਤੀ ਜਿਨ੍ਹਾਂ ਦਾ ਅਨੁਭਵ ਉਸ ਦੇ ਪਾਠਕਾਂ ਨੇ ਕੀਤਾ ਸੀ। ਉਹ ਪਰਮੇਸ਼ੁਰ ਦੀ ਕਿਰਪਾ ਵਿੱਚ ਸਾਂਝੀ ਹੋਏ ਸਨ ਅਤੇ ਇਸ ਦੇ ਫਲਸਰੂਪ ਉਨ੍ਹਾਂ ਨੂੰ **ਕਿਸੇ ਦਾਤ ਵਿੱਚ ਘਾਟਾ ਨਹੀਂ** ਸੀ। ਉਹ ਵਾਕ ਅਤੇ ਗਿਆਨ ਵਿੱਚ ਧਨੀ ਬਣ ਗਏ ਸਨ। ਉਨ੍ਹਾਂ ਵਿੱਚ ਮਸੀਹ ਦੀ ਸਾਖੀ ਕਾਇਮ ਹੋਈ ਸੀ। ਉਨ੍ਹਾਂ ਦੀਆਂ ਬਰਕਤਾਂ ਦੇ ਸੁਭਾਅ ਨੂੰ ਵੇਖਦੇ ਹੋਏ, ਇਹ ਕਿਵੇਂ ਹੋ ਸਕਦਾ ਹੈ ਕਿ ਕਲੀਸੀਆ ਵਿੱਚ ਤੁੱਛਪੁਣਾ, ਵੰਡਾਂ, ਗੜਬੜੀ ਅਤੇ ਦੁਨਿਆਵੀਪਣ ਸਪੱਸ਼ਟ ਨਜ਼ਰ ਆਉਂਦਾ ਹੈ? ਇਸ ਤੋਂ ਪਹਿਲਾਂ ਕਿ ਉਹ ਮੁਸ਼ਕਲ ਸਵਾਲ ਪੁੱਛਦਾ, ਰਸੂਲ ਕੁਰਿੰਥੁਸ ਦੇ ਲੋਕਾਂ ਵਿਚਕਾਰ ਪਰਮੇਸ਼ੁਰ ਦੇ ਕੰਮ ਵਿੱਚ ਆਪਣੇ ਭਰੋਸੇ ਦੀ ਪੁਸ਼ਟੀ ਕਰਨਾ ਚਾਹੁੰਦਾ ਸੀ। ਫਿਰ ਵੀ, ਉਹ ਉਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਉਨ੍ਹਾਂ ਦੀਆਂ ਬਰਕਤਾਂ ਵਿੱਚੋਂ ਇੱਕ ਵੀ ਬਰਕਤ ਉਨ੍ਹਾਂ ਦੇ ਆਪਣੇ ਗਿਆਨ, ਸ਼ਕਤੀ ਜਾਂ ਭਲਿਆਈ ਤੋਂ ਪੈਦਾ ਨਹੀਂ ਸੀ ਹੋਈ। ਢੁਕਵੇਂ ਸਮੇਂ ਤੇ, ਰਸੂਲ ਨੇ ਉਨ੍ਹਾਂ ਨੂੰ ਮਨੁੱਖੀ ਗਿਆਨ ਅਤੇ ਸ਼ਕਤੀ ਵਿੱਚ ਉਨ੍ਹਾਂ ਦੇ ਅਢੁਕਵੇਂ ਭਰੋਸੇ ਦੀ ਵਿਆਖਿਆ ਕਰਨ ਦੇ ਲਈ ਆਖਿਆ (3:18-20)।

ਜਦ ਕਿ ਕੁਰਿੰਥੁਸ ਦੇ ਲੋਕਾਂ ਨੂੰ "ਕਿਸੇ ਦਾਤ ਵਿੱਚ ਘਾਟਾ ਨਹੀਂ" ਸੀ, ਉਨ੍ਹਾਂ ਦੀਆਂ ਨਾਨਾ ਪਰਕਾਰ ਦੀਆਂ ਦਾਤਾਂ ਜ਼ਿਆਦਾਤਰ ਚਰਚਾ ਦਾ ਵਿਸ਼ਾ ਰਿਹਾ ਸੀ। "ਦਾਤ" χάρισμα (*ਕੈਰਿਸਮਾ*) ਸ਼ਬਦ ਦਾ ਅਨੁਵਾਦ ਹੈ, ਜੋ ਕਿ ਪੌਲੁਸ ਦੀਆਂ ਪੱਤ੍ਰੀਆਂ ਵਿੱਚ ਸੋਲ੍ਹਾਂ ਵਾਰ ਅਤੇ 1 ਪਤਰਸ 4:10 ਵਿੱਚ ਇੱਕ ਵਾਰ ਆਉਂਦਾ ਹੈ। ਜਦੋਂ ਪੌਲੁਸ ਰੋਮ ਵਿੱਚ ਪਹੁੰਚਿਆ, ਉਸ ਨੇ ਉੱਥੋਂ ਦੇ ਮਸੀਹੀ ਲੋਕਾਂ ਨੂੰ "ਕੋਈ ਆਤਮਕ ਦਾਨ" (ਰੋਮੀਆਂ 1:11) ਦੇਣ ਦੀ ਆਸ ਕੀਤੀ ਸੀ। ਯੂਨਾਨੀ ਭਾਸ਼ਾ ਵਿੱਚ, ਇਹ ਸ਼ਬਦ 1 ਕੁਰਿੰਥੀਆਂ 12 ਅਧਿਆਇ ਵਿੱਚ ਪੰਜ ਵਾਰ ਆਉਂਦਾ ਹੈ। ਨਾਨਾ ਪਰਕਾਰ ਦੀਆਂ ਦਾਤਾਂ ਜਿਨ੍ਹਾਂ ਦਾ ਕੁਰਿੰਥੁਸ ਦੇ ਲੋਕਾਂ ਨੇ ਅਨੰਦ ਮਾਣਿਆ ਸੀ "ਇੱਕੋ ਆਤਮਾ" (12:4) ਦੁਆਰਾ ਦਿੱਤੀਆਂ ਗਈਆਂ ਸਨ। ਇਨ੍ਹਾਂ

ਸੰਦਰਭਾਂ ਵਿੱਚ ਇਹ ਸਪੱਸ਼ਟ ਹੈ ਕਿ *ਕੈਰਿਸਮਾ* ਸ਼ਬਦ ਇੱਕ ਖ਼ਾਸ, ਅਲੌਕਿਕ ਦਾਨਾਂ ਦਾ ਹਵਾਲਾ ਦਿੰਦਾ ਹੈ; ਪਰ ਪੌਲੁਸ ਨੇ ਕਰਾਮਾਤਾਂ ਦੇ ਲਈ ਕਿਸੇ ਵੀ ਪਰਤੱਖ ਹਵਾਲੇ ਤੋਂ ਬਿਨਾਂ ਕਈ ਵਾਰ ਇਸ ਸ਼ਬਦ ਦੀ ਵਰਤੋਂ ਕੀਤੀ ਸੀ। ਉਦਾਹਰਣ ਦੇ ਲਈ, ਰੋਮੀਆਂ 11:29 ਕਹਿੰਦੀ ਹੈ, "ਕਿਉਂ ਜੋ ਪਰਮੇਸ਼ੁਰ ਦੀਆਂ ਦਾਤਾਂ ਅਤੇ ਸੱਦਾ ਅਟਲ ਹਨ।" ਫਿਰ ਵੀ, ਦੋ ਵਿਚਾਰ ਇਸ ਨੂੰ ਸੰਭਵ ਬਣਾਉਂਦੇ ਹਨ ਕਿ 1 ਕੁਰਿੰਥੀਆਂ 1:7 ਵਿੱਚ ਪੌਲਸ ਦੇ ਮਨ ਵਿੱਚ ਅਲੌਕਿਕ ਦਾਤਾਂ ਸਨ। ਪਹਿਲਾ ਵਿਚਾਰ, ਸੰਦਰਭ ਵਿੱਚ ਉਹ ਉਨ੍ਹਾਂ ਬਰਕਤਾਂ ਦੀ ਭਰਪੂਰੀ ਨਾਲ ਜੋ ਉਨ੍ਹਾਂ ਨੇ ਪ੍ਰਾਪਤ ਕੀਤੀਆਂ ਸਨ ਕੁਰਿੰਥੁਸ ਦੇ ਲੋਕਾਂ ਦੀ ਨਿਹਚਾ ਦੀ ਪੁਸ਼ਟੀ ਕਰ ਰਿਹਾ ਸੀ। ਇਸ ਭਰਪੂਰੀ ਵਿੱਚ ਚਮਤਕਾਰ ਕਰਨ ਵਾਲੀਆਂ ਦਾਤਾਂ ਸ਼ਾਮਲ ਸਨ। ਦੂਜਾ ਵਿਚਾਰ, ਕੁਰਿੰਥੁਸ ਦੇ ਲੋਕਾਂ ਨੇ ਕਰਾਮਤਾਂ ਤੇ ਗਲਤ ਜ਼ੋਰ ਦਿੱਤਾ ਸੀ (12:29-31)। 1:7 ਵਿੱਚ ਇਸ ਸਮੱਸਿਆ ਦਾ ਜ਼ਿਕਰ 12:29-31 ਵਿੱਚ ਪੌਲੁਸ ਦੇ ਸੁਧਾਰ ਦੀ ਉਡੀਕ ਕਰਦਾ ਹੈ।

ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਆਤਮਿਕ ਦਾਤਾਂ ਦੀ ਕੋਈ ਘਾਟ ਨਹੀਂ ਸੀ, ਪਰ ਆਤਮਿਕ ਦਾਤਾਂ ਦਾ ਤਦ ਹੀ ਕੋਈ ਮਹੱਤਵ ਸੀ ਜੇਕਰ ਇਨ੍ਹਾਂ ਨੂੰ ਪਰਮੇਸ਼ੁਰ ਦੀਆਂ ਰੂਪ-ਰੇਖਾਵਾਂ ਦੀ ਵੱਡੀ ਤਸਵੀਰ ਵਿੱਚ ਸਮਝਿਆ ਜਾਂਦਾ। ਪੌਲੁਸ ਨੇ ਦ੍ਰਿਸ਼ਟੀਕੋਣ ਨੂੰ ਜੋੜਿਆ ਜਦੋਂ ਉਹ ਆਪਣੇ ਪਾਠਕਾਂ ਦਾ ਧਿਆਨ **ਸਾਡੇ ਪ੍ਰਭੂ ਯਿਸੂ ਮਸੀਹ ਦੇ ਪਰਗਟ ਹੋਣ** ਵੱਲ ਲੈ ਗਿਆ। ਹਲਕੇ ਜਿਹੇ ਜਤਨ ਨਾਲ, ਉਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਚੇਤੇ ਕਰਾਇਆ ਕਿ ਉਹ ਸਮਾਪਤੀ ਦੀ ਉਡੀਕ ਕਰ ਰਹੇ ਸਨ। ਦਾਤਾਂ ਅਤੇ ਪ੍ਰਤਿਸ਼ਠਾ ਇੱਕ ਵੱਖਰਾ ਰੰਗ ਧਾਰ ਲੈਂਦੇ ਹਨ ਜਦੋਂ ਇੱਕ ਵਿਅਕਤੀ ਪ੍ਰਭੂ ਦੀ ਉਡੀਕ ਕਰਦਿਆਂ ਆਪਣਾ ਜੀਵਨ ਜੀਉਂਦਾ ਹੈ। ਜੋ ਕਈ ਵੀ ਆਤਮਿਕ ਦਾਤਾਂ ਜਾਂ ਗਿਆਨ ਜਿਸ ਦਾ ਕੁਰਿੰਥੁਸ ਦੇ ਲੋਕਾਂ ਨੇ ਅਨੰਦ ਮਾਣਿਆ ਸੀ, ਮਸੀਹ ਦੀ ਦੂਜੀ ਆਮਦ, "ਸਾਡੇ ਪ੍ਰਭੂ ਦਾ ਪਰਗਟ ਹੋਣਾ" ਉਨ੍ਹਾਂ ਦੀ ਇੱਕ ਉਤਸੁਕ ਆਸ ਸੀ। ਮਸੀਹ ਦੀ ਕਲੀਸੀਆ ਨੇ ਹਮੇਸ਼ਾ ਆਪਣੀਆਂ ਅੱਖਾਂ ਅਕਾਸ਼ ਵੱਲ ਨੂੰ ਲਾ ਕੇ ਉਸ ਦੀ ਉਡੀਕ ਵਿੱਚ ਆਪਣਾ ਜੀਵਨ ਗੁਜਾਰਨਾ ਹੈ ਕਿਉਂਕਿ "ਸਭਨਾਂ ਵਸਤਾਂ ਦਾ ਅੰਤ ਨੇੜੇ ਹੈ" (1 ਪਤਰਸ 4:7)।

ਮਸੀਹੀ ਹੋਣ ਦੇ ਨਾਤੇ, ਸਾਨੂੰ ਇਹ ਭਰੋਸਾ ਹੈ ਕਿ ਪਰਮੇਸ਼ੁਰ ਦੀ ਕਿਰਪਾ ਨਾਲ, ਅਸੀਂ ਅੰਤ ਤੱਕ ਧੀਰਜ ਰੱਖ ਸਕਦੇ ਹਾਂ; ਪਰ ਧੀਰਜ ਇੱਕ ਅਜਿਹੀ ਚੀਜ਼ ਨਹੀਂ ਹੈ ਜੋ ਕਿ ਪਹਿਲਾਂ ਤੋਂ ਹੀ ਨਿਸ਼ਚਤ ਹੈ। ਬਾਅਦ ਵਿੱਚ ਪੌਲੁਸ ਨੇ ਇਸ ਸੰਭਾਵਨਾ ਤੇ ਵੀ ਵਿਚਾਰ ਕੀਤਾ ਕਿ ਉਹ ਖੁਦ ਵੀ "ਅਪਰਵਾਨ" ਹੋ ਸਕਦਾ ਹੈ (1 ਕੁਰਿੰਥੀਆਂ 9:26, 27; KJV)। ਕਿਉਂਕਿ ਜਿਹੜੇ ਪ੍ਰਭੂ ਤੇ ਨਿਹਚਾ ਕਰਦੇ ਹਨ, ਕੋਈ ਵੀ ਦੁਨਿਆਵੀ ਸ਼ਕਤੀ ਉਨ੍ਹਾਂ ਨੂੰ ਪ੍ਰਭੂ ਦੇ ਪ੍ਰੇਮ ਤੋਂ ਅੱਡ ਨਹੀਂ ਕਰ ਸਕਦੀ (ਰੋਮੀਆਂ 8:38, 39)। ਯਿਸੂ ਸਾਡਾ ਸਹਾਇਕ ਅਤੇ ਮਿੱਤਰ ਹੈ। ਪ੍ਰਭੂ ਮਾਫ਼ ਕਰੇਗਾ ਅਤੇ ਉਸ ਦੇ ਆਪਣਿਆਂ ਦਾ ਦਾਅਵਾ ਕਰੇਗਾ।

**ਆਇਤ 8.** 1:7 ਵਿੱਚ "ਸਾਡੇ ਪ੍ਰਭੂ ਯਿਸੂ ਮਸੀਹ ਦੇ ਪਰਗਟ ਹੋਣ" 1:8 ਵਿੱਚ **ਸਾਡੇ ਪ੍ਰਭੂ ਯਿਸੂ ਮਸੀਹ ਦੇ ਦਿਨ** ਬੋਲਣ ਦਾ ਇੱਕ ਹੋਰ ਤਰੀਕਾ ਹੈ। ਇਤਹਾਸ ਪ੍ਰਭੂ ਦੇ ਦੁਬਾਰਾ ਆਉਣ, ਧਰਤੀ ਦੀ ਹੋਂਦ ਅਤੇ ਸਮੇਂ ਦੇ ਅੰਤ ਵੱਲ ਨੂੰ ਵੱਧ ਰਿਹਾ ਹੈ। ਮਨੁੱਖੀ ਪਰਿਵਾਰਾਂ ਵਿੱਚ ਤਦ ਤੱਕ ਗੜਬੜੀ ਹੁੰਦੀ ਰਹੇਗੀ ਜਦੋਂ ਤੱਕ ਸਮਾਂ ਖਤਮ ਨਹੀਂ ਹੋ ਜਾਂਦਾ। ਪਰਮੇਸ਼ੁਰ ਉਦੇਸ਼ ਅਤੇ ਦਿਸ਼ਾ ਦਿੰਦਾ ਹੈ ਜਿਵੇਂ-ਜਿਵੇਂ ਸਮੇਂ ਦਾ ਪਸਾਰ ਹੁੰਦਾ ਜਾਂਦਾ ਹੈ।

"ਪ੍ਰਭੂ ਦਾ ਦਿਨ" ਪੁਰਾਣੇ ਨੇਮ ਵਿੱਚ ਇੱਕ ਮਹੱਤਵਪੂਰਣ ਧਾਰਨਾ ਹੈ। ਨਬੀਆਂ ਦੁਆਰਾ

ਇਸ ਦੀ ਵਰਤੋਂ ਨਵੇਂ ਨੇਮ ਵਿੱਚ ਇਸ ਦੇ ਅਰਥ ਦੀ ਵਿਆਖਿਆ ਕਰਨ ਵਿੱਚ ਮਦਦ ਕਰਦੀ ਹੈ। ਨਬੀਆਂ ਨੇ "ਪ੍ਰਭੂ ਦੇ ਦਿਨ" ਦੀ ਵਰਤੋਂ ਕਿਸੇ ਵੀ ਦਿਨ ਦਾ ਅਰਥ ਸਮਝਾਉਣ ਦੇ ਲਈ ਕੀਤੀ ਸੀ ਜਦੋਂ ਪ੍ਰਭੂ ਆਪਣੇ ਲੋਕਾਂ ਨੂੰ ਬਚਾਉਣ ਜਾਂ ਸਜ਼ਾ ਦੇਣ ਦੇ ਲਈ ਸ਼ਕਤੀਸ਼ਾਲੀ ਢੰਗ ਨਾਲ ਕੰਮ ਕਰਦਾ ਹੈ। ਨਵੇਂ ਨੇਮ ਵਿੱਚ, "ਪ੍ਰਭੂ ਦਾ ਦਿਨ" ਸਿਲਸਲੇਵਾਰ ਢੰਗ ਨਾਲ ਪ੍ਰਭੂ ਦੇ ਦੁਬਾਰਾ ਆਉਣ ਦਾ ਦਿਨ ਹੈ। ਮਸੀਹੀ ਲੋਕ ਉਸ ਦੇ ਦੁਬਾਰਾ ਆਉਣ ਦੀ ਨਿਸ਼ਚਤਤਾ ਨੂੰ ਜਾਣਦੇ ਹਨ, ਪਰ ਉਹ ਕਿਸ ਸਮੇਂ ਆਵੇਗਾ ਇਹ ਨਹੀਂ ਜਾਣਦੇ; ਪ੍ਰਭੂ ਕਦੋਂ ਆਵੇਗਾ ਉਸ ਦਾ ਸਿਰਫ ਇੱਕੋ ਸੰਕੇਤ ਇਹ ਮਿਲਦਾ ਹੈ ਕਿ ਉਹ ਰਾਤ ਨੂੰ ਚੋਰ ਦੇ ਵਾਂਗ ਆਵੇਗਾ (ਮੱਤੀ 24:36; ਵੇਖੋ 1 ਥੱਸਲੁਨੀਕੀਆਂ 5:2)।

**ਆਇਤ 9.** ਮੁਕਤੀ ਦਾ ਭਰੋਸਾ ਪਰਮੇਸ਼ੁਰ ਦੀ ਵਫ਼ਾਦਾਰੀ ਤੇ ਅਧਾਰਿਤ ਹੈ। ਇੱਕੋ ਸੱਚਾ ਪਰਮੇਸ਼ੁਰ ਮਨਮੌਜੀ ਨਹੀਂ ਹੈ, ਜਿਵੇਂ ਕਿ ਯੂਨਾਨੀ ਲੋਕ ਉਨ੍ਹਾਂ ਦੇ ਦੇਵਤਿਆਂ ਨੂੰ ਸਮਝਦੇ ਸਨ। **ਪਰਮੇਸ਼ੁਰ ਵਫ਼ਾਦਾਰ ਹੈ** ਅਤੇ ਉਹ ਆਪਣੇ ਬੱਚਿਆਂ ਦੇ ਲਈ ਖੜ੍ਹਾ ਹੋਵੇਗਾ। 1:9 ਵਿੱਚ **ਉਹ ਦੇ ਪੁੱਤ੍ਰ ਦੀ ਸੰਗਤ** ਸ਼ਾਇਦ ਯੂਨਾਨੀ ਵਾਕ ਦਾ ਸਭ ਤੋਂ ਉੱਤਮ ਅਨੁਵਾਦ ਹੈ, ਜੋ ਕਿ ਸੰਬੰਧਸੂਚਕ ਹੈ ਅਤੇ ਇਸ ਦਾ ਸ਼ਾਬਦਿਕ ਅਰਥ "ਉਹ ਦੇ ਪੁੱਤ੍ਰ ਦੀ ਸੰਗਤ ਲਈ" ਹੁੰਦਾ ਹੈ। ਮਸੀਹੀ ਲੋਕ ਜਿਸ ਸੰਗਤ ਵਿੱਚ ਇੱਕ ਦੂਜੇ ਨਾਲ ਸਾਂਝੀ ਹੁੰਦੇ ਹਨ ਸੰਭਵ ਹੈ, ਸਿਰਫ ਮਸੀਹ ਨਾਲ ਉਨ੍ਹਾਂ ਦੀ ਸਾਂਝੀ ਸੰਗਤ ਦੇ ਕਾਰਨ (1 ਯੂਹੰਨਾ 1:6, 7)।

ਨਾਮ ਦੀ ਲਗਾਤਾਰ ਵਰਤੋਂ ਤੋਂ ਇਹ ਸਪੱਸ਼ਟ ਹੈ ਕਿ ਪੌਲੁਸ ਦੀ ਸੋਚ ਨੇ ਮਸੀਹ ਵਿੱਚ ਜੜ੍ਹ ਫੜੀ ਸੀ। ਉਸ ਨੇ ਪੱਤ੍ਰੀ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਯਿਸੂ ਮਸੀਹ ਨੂੰ ਕੁਰਿੰਥੁਸ ਦੇ ਲੋਕਾਂ ਦੇ ਸਾਹਮਣੇ ਰੱਖਿਆ ਸੀ। ਉਸ ਦੀ ਆਪਣੀ ਸ਼ਕਤੀ ਜਾਂ ਗਿਆਨ ਤੇ ਨਿਰਭਰ ਹੋਣ ਦੀ ਬਜਾਇ, ਪੌਲੁਸ ਨੇ ਆਪਣੀਆਂ ਨਜ਼ਰਾਂ ਪ੍ਰਭੂ ਤੇ ਟਿਕਾਈ ਰੱਖੀਆਂ। ਉਸ ਦਾ ਹਰੇਕ ਕੰਮ ਅਤੇ ਹਰੇਕ ਵਿਚਾਰ ਉਸ ਦੀ ਮਹਿਮਾ ਦੇ ਲਈ ਸੀ ਜਿਹੜਾ ਨਾਸ ਹੋ ਰਹੇ ਲੋਕਾਂ ਨੂੰ ਸਦੀਪਕ ਜੀਵਨ ਵੱਲ ਬੁਲਾਉਂਦਾ ਹੈ।

## ਕਲੀਸੀਆ ਵਿੱਚ ਫੁੱਟ ਸੰਬੰਧੀ ਪੌਲੁਸ ਦੀ ਪ੍ਰੇਰਣਾ (1:10-17)

ਆਪਣੀ ਪੱਤ੍ਰੀ ਦੇ ਕੋਰਸ ਵਿੱਚ, ਪੌਲੁਸ ਨੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਜੋ ਕੁਰਿੰਥੁਸ ਦੀ ਕਲੀਸੀਆ ਨੇ ਉਸ ਨੂੰ ਭੇਜੇ ਸਨ। ਇਸ ਤੋਂ ਪਹਿਲਾਂ ਕਿ ਉਹ ਇਨ੍ਹਾਂ ਸਵਾਲਾਂ ਦੇ ਵੱਲ ਆਉਂਦਾ, ਰਸੂਲ ਦੇਹ ਵਿੱਚ ਫੁੱਟਾਂ ਨੂੰ ਸੰਬੋਧਿਤ ਕਰਨਾ ਚਾਹੁੰਦਾ ਸੀ (1:10–4:21)। ਕੁਰਿੰਥੁਸ ਵੱਲੋਂ ਹਾਲ ਹੀ ਵਿੱਚ ਕੀਤਾ ਗਿਆ ਵਾਰਤਾਲਾਪ ਫੁੱਟ ਦਾ ਕਾਰਣ ਬਣਿਆ ਸੀ ਜਿਸ ਨੇ ਪੌਲੁਸ ਦੀ ਸੋਚ ਤੇ ਕਬਜ਼ਾ ਕੀਤਾ ਹੋਇਆ ਸੀ। ਕਈ ਤਰੀਕਿਆਂ ਨਾਲ, ਰਸੂਲ ਦੇ ਲਈ ਕਲੀਸੀਆ ਦੇ ਲੜਾਈ ਝਗੜੇ ਅਤੇ ਕਲੇਸ਼ ਨੂੰ ਸੰਬੋਧਿਤ ਕਰਨਾ ਬਹੁਤ ਹੀ ਜ਼ਿਆਦਾ ਚਿੜ੍ਹ ਦਿਵਾਉਣ ਵਾਲੀਆਂ ਸਮੱਸਿਆਵਾਂ ਸਨ। ਕੁਰਿੰਥੁਸ ਵਿੱਚ ਕੁਝ ਮਸੀਹੀ ਲੋਕਾਂ ਨੇ ਪੌਲੁਸ ਦੇ ਪ੍ਰਤੀ ਉਨ੍ਹਾਂ ਦੀ ਵਫ਼ਾਦਾਰੀ ਵਿੱਚ ਬਹੁਤ ਜ਼ਿਆਦਾ ਅਭਮਾਨ ਕੀਤਾ ਸੀ। ਪੌਲੁਸ ਦੇ ਲਈ ਕੁਝ ਗੱਲਾਂ ਮਸੀਹ ਦੀ ਦੇਹ ਦੀ ਏਕਤਾ ਤੋਂ ਵੱਧ ਕੇ ਮਹੱਤਵਪੂਰਣ ਸਨ (ਅਫ਼ਸੀਆਂ 4:4–6)। ਇਹ ਕਿ ਕਲੀਸੀਆ ਵਿੱਚ ਕਿਸੇ ਨੂੰ ਵੀ ਆਪਣਾ ਨਾਮ ਕਿਸੇ ਧੜੇ ਨਾਲ ਜੋੜਨਾ ਚਾਹੀਦਾ ਹੈ ਇਹ ਗੱਲ ਉਸ ਦੇ ਲਈ ਬਹੁਤ ਹੀ ਦੁਖਦਾਈ ਸੀ। ਜਿਵੇਂ ਕਿ ਉਹ ਲੋਕ ਜਿਹੜੇ ਅੱਜ ਕਲੀਸੀਆਵਾਂ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਇਸ ਗੱਲ ਦੀ ਗਵਾਹੀ ਦੇਣਗੇ ਕਿ ਨਵੀਆਂ ਮੰਡਲੀਆਂ ਵਿਸ਼ੇਸ਼ ਕਰਕੇ ਫੁੱਟ ਜਾਂ ਵੰਡ ਦੇ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ

ਹੁੰਦੀਆਂ ਹਨ।

ਕਈ ਕਾਰਣ ਹਨ ਜਿਨ੍ਹਾਂ ਨੇ ਕੁਰਿੰਥੁਸ ਦੀ ਕਲੀਸੀਆ ਵਿੱਚ ਫੁੱਟ ਦੀ ਪ੍ਰਵਿਰਤੀ ਨੂੰ ਪੈਦਾ ਕਰਨ ਵਿੱਚ ਯੋਗਦਾਨ ਦਿੱਤਾ ਹੋਵੇਗਾ। ਜਦ ਕਿ ਭਰਾਵਾਂ ਕੋਲ ਨਾਨਾ ਪਰਕਾਰ ਦੀਆਂ ਆਤਮਿਕ ਦਾਤਾਂ ਸਨ, ਉਨ੍ਹਾਂ ਦੇ ਕੋਲ ਮਸੀਹੀ ਨਿਹਚਾ ਅਤੇ ਦਸਤੂਰ ਦੀ ਪਰਿਭਾਸ਼ਾ ਦੇਣ ਦੇ ਲਈ ਕੋਈ ਅਧਿਕਾਰਕ ਲਿਖਤ ਵਚਨ ਨਹੀਂ ਸੀ। ਨਵੇਂ ਨੇਮ ਦੇ ਲਿਖਣ ਦੀ ਪ੍ਰਕਿਰਿਆ ਹਾਲੇ ਚੱਲ ਰਹੀ ਸੀ। ਦੂਜੀ ਗੱਲ, ਕੁਰਿੰਥੁਸ ਦੇ ਵਿਸ਼ਵਾਸੀਆਂ ਨੇ ਆਪਣੇ ਆਪ ਨੂੰ ਅਜ਼ਾਦ ਸੋਚ ਵਾਲੇ ਵਿਖਾਇਆ ਸੀ। ਉਹ ਨਵੀਆਂ ਅਵਾਜ਼ਾਂ ਨੂੰ ਸੁਣਦੇ ਸਨ ਅਤੇ ਨਵੇਂ ਵਿਚਾਰਾਂ ਵਿੱਚ ਪ੍ਰਸੰਨ ਹੁੰਦੇ ਸਨ; ਨਹੀਂ ਤਾਂ ਉਨ੍ਹਾਂ ਨੇ ਪੌਲੁਸ ਨੂੰ ਨਹੀਂ ਸੀ ਸੁਣਨਾ ਅਤੇ ਉਹ ਧਰਮ ਨੂੰ ਨਹੀਂ ਸੀ ਅਪਨਾਉਣਾ ਜਿਸ ਦਾ ਉਨ੍ਹਾਂ ਦੇ ਸਹਿਕਰਮੀਆਂ ਵਿੱਚ ਕੋਈ ਆਧਾਰ ਨਹੀਂ ਸੀ। ਮਨ ਦਾ ਉਹੀ ਖੁੱਲ੍ਹਾਪਣ ਜਿਸ ਨੇ ਉਨ੍ਹਾਂ ਨੂੰ ਪੌਲੁਸ ਦੀ ਸਿੱਖਿਆ ਨੂੰ ਕਬੂਲ ਕਰਨ ਵਿੱਚ ਅਗਵਾਈ ਕੀਤੀ ਉਸੇ ਨੇ ਉਨ੍ਹਾਂ ਨੂੰ ਉਸ ਦੀਆਂ ਸਿੱਖਿਆਵਾਂ ਦੇ ਉਲਟਫੇਰਾਂ ਦੇ ਪ੍ਰਤੀ ਸੰਵੇਦਨਸ਼ੀਲ ਬਣਾ ਦਿੱਤਾ। ਤੀਜੀ ਗੱਲ, ਕੁਰਿੰਥੁਸ ਇੱਕ ਇਹੋ ਜਿਹਾ ਸ਼ਹਿਰ ਸੀ ਜਿਸ ਦੇ ਵਿੱਚ ਹਰ ਤਰ੍ਹਾਂ ਦੇ ਉਪਦੇਸ਼ਕ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਸਿੱਖਿਆ ਦੇ ਸਕਦੇ ਸਨ। ਉਸ ਸ਼ਹਿਰ ਦੇ ਰਹਿਣ ਵਾਲੇ ਯੁੱਗ ਦੀਆਂ ਦਾਰਸ਼ਨਿਕ ਪ੍ਰਵਿਰਤੀਆਂ ਦੇ ਆਦੀ ਸਨ। ਉਪਦੇਸ਼ਕਾਂ ਜਾਂ ਕਿਸੇ ਦਲ ਦੀ ਮਾਨਤਾ ਦੇ ਪ੍ਰਤੀ ਵਫ਼ਾਦਾਰੀ ਉਸ ਸਮੇਂ ਇੱਕ ਸਧਾਰਣ ਗੱਲ ਸੀ। ਪੌਲੁਸ ਕਲੀਸੀਆ ਵਿੱਚ ਫੁੱਟ ਪਾਉਣ ਵਾਲੀਆਂ ਸ਼ਕਤੀਆਂ ਨੂੰ ਕੰਮ ਕਰਦਿਆਂ ਵੇਖ ਕੇ ਹੈਰਾਨ ਨਹੀਂ ਹੋਇਆ ਹੋਵੇਗਾ, ਪਰ ਉਹ ਨਹੀਂ ਸੀ ਚਾਹੁੰਦਾ ਕਿ ਕੋਈ ਕਿਸੇ ਦਲ ਨੂੰ ਬਣਾਉਣ ਦੇ ਲਈ ਉਸ ਦੇ ਅੱਗੇ ਅਪੀਲ ਕਰੇ।

### "ਹੇ ਭਰਾਵੋ, ਏਕਤਾ ਨੂੰ ਬਰਕਰਾਰ ਰੱਖੋ" (1:10)

**10ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਵਾਸਤਾ ਦੇ ਕੇ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਜੋ ਤੁਸੀਂ ਸੱਭੇ ਇੱਕੋ ਗੱਲ ਬੋਲੋ ਅਤੇ ਤੁਹਾਡੇ ਵਿੱਚ ਫੋਟਕ ਨਾ ਪੈਣ ਸਗੋਂ ਇੱਕੋ ਮਨ ਅਤੇ ਇੱਕੋ ਵਿਚਾਰ ਵਿੱਚ ਪੂਰੇ ਹੋ ਜਾਓ।**

**ਆਇਤ 10.** 1:9 ਵਿੱਚ "ਉਹ ਦੇ ਪੁੱਤ੍ਰ ਦੀ ਸੰਗਤ" ਦਾ ਜ਼ਿਕਰ 1:10 ਵਿੱਚ ਏਕਤਾ ਦੀ ਸ਼ੁਰੂਆਤ ਦੇ ਲਈ ਬੇਨਤੀ ਕਰਨ ਦੇ ਲਈ ਕੀਤਾ ਗਿਆ ਸੀ। ਮਸੀਹ ਨਾਲ ਸੰਗਤ ਮਸੀਹੀ ਲੋਕਾਂ ਨੂੰ ਇਕੱਠਿਆਂ ਜੋੜ ਕੇ ਰੱਖਦੀ ਹੈ, ਪਰ ਕੁਰਿੰਥੁਸ ਵਿੱਚ ਵਿਸ਼ਵਾਸੀ ਇਸ ਏਕਤਾ ਨੂੰ ਅਣਦੇਖਾ ਕਰ ਰਹੇ ਸਨ ਕਿਉਂਕਿ ਉਹ ਉਨ੍ਹਾਂ ਦੇ ਆਪਣੇ ਹਿੱਤਾਂ ਦਾ ਪਿੱਛਾ ਕਰ ਰਹੇ ਸਨ। ਇੱਥੇ, ਜਿਵੇਂ ਕਿ ਉਸ ਦੀ ਪੱਤ੍ਰੀ ਵਿੱਚ ਹੋਰ ਕਿਤੇ ਵੀ ਹੈ, ਪੌਲੁਸ ਆਪਣੇ ਮਨ ਨੂੰ ਪਰਗਟ ਕਰ ਰਿਹਾ ਸੀ। ਇਹ ਅਲੱਗ, ਸਿੱਖਿਆਤਮਕ ਪੱਤ੍ਰੀ ਨਹੀਂ ਸੀ। ਕੁਰਿੰਥੀਆਂ ਦੀਆਂ ਪੱਤ੍ਰੀਆਂ ਵਿੱਚ, ਤਰਸ, ਹਮਦਰਦੀ, ਨਿਰਾਸ਼ਾ ਅਤੇ ਗੁੱਸਾ ਪਰਤੱਖ ਹਨ। ਸਿਰਫ 1 ਕੁਰਿੰਥੀਆਂ ਵਿੱਚ ਬਹੁਵਚਨ **ਭਰਾਵੋ** ਸਤਾਈ ਵਾਰ ਵਰਤਿਆ ਗਿਆ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਕਲੀਸੀਆ ਨੇ ਭਾਈਚਾਰੇ ਨਾਲ ਸਮਝੌਤਾ ਕੀਤਾ ਸੀ? ਮਸੀਹੀ ਲੋਕ ਵੱਖ-ਵੱਖ ਧੜਿਆਂ ਅਤੇ ਦਲਾਂ ਵਿੱਚ ਵੰਡੇ ਗਏ। ਰਸੂਲ ਨੇ ਬੜੇ ਹੀ ਨਰਮ ਢੰਗ ਨਾਲ ਸ਼ੁਰੂਆਤ ਕੀਤੀ ਸੀ। ਉਸ ਨੇ ਉਨ੍ਹਾਂ ਦੇ ਅੱਗੇ ਬੇਨਤੀ ਕੀਤੀ ਕਿ ਤੁਸੀਂ ਮੌਜੂਦਾ ਹਾਲਾਤਾਂ ਤੋਂ ਸੰਤੁਸ਼ਟ ਨਾ ਹੋਵੋ। ਉਹ ਉਨ੍ਹਾਂ ਨੂੰ ਸਾਂਝੇ ਮਨ ਅਤੇ ਦਿਲ ਨਾਲ ਜੋੜਨਾ ਚਾਹੁੰਦਾ ਸੀ। ਇਹ ਅਪੀਲ ਇਕੱਲੇ ਪੌਲੁਸ ਦੀ ਨਹੀਂ

ਸੀ; ਇਹ ਅਪੀਲ **ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਵਾਸਤਾ ਦੇ ਕੇ** ਕੀਤੀ ਗਈ ਸੀ।

ਵਿਸ਼ਵਾਸੀਆਂ ਵਿੱਚ **ਫੁੱਟ** ਵੱਖ-ਵੱਖ ਪੱਧਰਾਂ ਤੇ ਆ ਸਕਦੀ ਹੈ। ਕਿਸੇ ਵੀ ਤਰ੍ਹਾਂ ਦੀ ਫੁੱਟ ਸਵੀਕਾਰਯੋਗ ਨਹੀਂ ਹੈ। ਪ੍ਰਭੂ ਦੇ ਲੋਕਾਂ ਦੀਆਂ ਵਿਅਕਤੀਗਤ ਮੰਡਲੀਆਂ ਕਈ ਵਾਰ ਦੂਜੀਆਂ ਮੰਡਲੀਆਂ ਨਾਲ ਸੰਗਤ ਕਰਨ ਤੋਂ ਇਨਕਾਰ ਕਰ ਦਿੰਦੀਆਂ ਹਨ। ਹਾਲਾਤ ਵੱਖ-ਵੱਖ ਤਰ੍ਹਾਂ ਦੇ ਹੁੰਦੇ ਹਨ। ਫੁੱਟ ਦਾ ਨਤੀਜਾ ਕਈ ਵਾਰ ਉਸ ਸਮੇਂ ਸਾਹਮਣੇ ਆਉਂਦਾ ਹੈ ਜਦੋਂ ਇੱਕ ਮੰਡਲੀ ਉਨ੍ਹਾਂ ਰੀਤਾਂ ਨੂੰ ਅਪਨਾਉਂਦੀ ਹੈ ਜਿਹੜੀਆਂ ਬਾਈਬਲ ਦੀ ਸਿੱਖਿਆ ਦਾ ਇਨਕਾਰ ਕਰਦੀਆਂ ਹਨ। ਕਈ ਵਾਰ ਉਨ੍ਹਾਂ ਦਾ ਨਤੀਜਾ ਉਸ ਸਮੇਂ ਵੀ ਸਾਹਮਣੇ ਆਉਂਦਾ ਹੈ ਜਦੋਂ ਇੱਕ ਮੰਡਲੀ ਉਨ੍ਹਾਂ ਸਾਥੀ ਮਸੀਹੀ ਲੋਕਾਂ ਤੇ ਜਿਹੜੇ ਹੋਰ ਕਿਤੇ ਸੰਗਤੀ ਕਰਦੇ ਹਨ ਇਸ ਦੇ ਵਿਚਾਰਾਂ ਅਤੇ ਤਰਜੀਹਾਂ ਨੂੰ ਉਨ੍ਹਾਂ ਤੇ ਜ਼ਬਰਦਸਤੀ ਥੋਪਦੀ ਹੈ।

ਕੁਝ ਫੁੱਟ ਮੰਡਲੀ ਦੇ ਪੱਧਰ ਤੋਂ ਬਾਹਰ ਨਹੀਂ ਜਾਂਦੇ। ਜਦੋਂ ਪੌਲੁਸ ਨੇ ਆਪਣੇ ਪਾਠਕਾਂ ਨੂੰ **ਸਹਿਮਤ ਹੋਣ** ਅਤੇ **ਇੱਕੋ ਮਨ ਅਤੇ ਇੱਕੋ ਵਿਚਾਰ ਵਿੱਚ ਪੂਰੇ ਹੋਣ** ਦੀ ਬੇਨਤੀ ਕੀਤੀ, ਉਹ ਕੁਰਿੰਥੁਸ ਦੀ ਕਲੀਸੀਆ ਦੇ ਅੰਦਰੂਨੀ ਮਾਮਲਿਆਂ ਦੇ ਬਾਰੇ ਸੋਚ ਰਿਹਾ ਸੀ। ਕਲੀਸੀਆ ਵਿੱਚ ਫੁੱਟ ਜ਼ਿਆਦਾ ਨਿੱਜੀ ਹੁੰਦੇ ਹਨ, ਪਰ ਉਹ ਉਨ੍ਹਾਂ ਨਾਲੋਂ ਘੱਟ ਵਿਨਾਸ਼ਕਾਰੀ ਨਹੀਂ ਹੁੰਦੇ ਜਿਹੜੇ ਵੱਡੀ ਕਲੀਸੀਆ ਵਿੱਚ ਹਨ। ਨਵਾਂ ਨੇਮ ਮਸੀਹੀ ਲੋਕਾਂ ਨੂੰ ਪ੍ਰੇਮ ਕਰਨ, ਸਤਿਕਾਰ ਕਰਨ ਅਤੇ ਇੱਕ ਦੂਜੇ ਦਾ ਆਦਰ ਕਰਨ ਦੇ ਲਈ ਬੇਨਤੀਆਂ ਕਰਦਿਆਂ ਜਿੰਨੀ ਜਗ੍ਹਾ ਦਿੰਦਾ ਹੈ ਉਹ ਬਹੁਤ ਹੀ ਅਨੋਖੀ ਗੱਲ ਹੈ। ਸ਼ਾਇਦ ਮੰਡਲੀ ਵਿੱਚ ਏਕਤਾ ਨੂੰ ਬਰਕਰਾਰ ਰੱਖਣ ਦੁਆਰਾ ਪ੍ਰਭੂ ਦਾ ਆਦਰ ਕਰਨ ਦੇ ਜਤਨ ਤੋਂ ਵੱਧ ਕੇ ਸ਼ਾਨਦਾਰ ਨਿਹਚਾ ਦੀ ਪਰਖ ਹੋਰ ਕੋਈ ਨਹੀਂ ਹੈ।

### "ਤੁਹਾਡੇ ਬਖੇੜੇ ਨਿਰਾਧਾਰ ਹਨ" (1:11-16)

**11ਕਿਉਂ ਜੋ ਹੇ ਭਰਾਵੋ, ਕਲੋਏ ਦੇ ਘਰ ਦਿਆਂ ਕੋਲੋਂ ਤੁਹਾਡੇ ਵਿਖੇ ਮੈਨੂੰ ਪਤਾ ਲੱਗਾ ਹੈ ਜੋ**
**ਤੁਹਾਡੇ ਵਿੱਚ ਬਖੇੜੇ ਹੁੰਦੇ ਹਨ। 12ਮੇਰਾ ਕਹਿਣਾ ਇਹ ਹੈ ਜੋ ਤੁਹਾਡੇ ਵਿੱਚੋਂ ਹਰੇਕ**
**ਆਖਦਾ ਹੈ ਭਈ "ਮੈਂ ਪੌਲੁਸ ਦਾ" ਯਾ "ਮੈਂ ਅਪੁੱਲੋਸ ਦਾ" ਯਾ "ਮੈਂ ਕੇਫਾਸ ਦਾ" ਯਾ "ਮੈਂ**
**ਮਸੀਹ ਦਾ ਹਾਂ।" 13ਭਲਾ, ਮਸੀਹ ਵੰਡਿਆ ਹੋਇਆ ਹੈ? ਕੀ ਪੌਲੁਸ ਤੁਹਾਡੇ ਲਈ ਸਲੀਬ**
**ਦਿੱਤਾ ਗਿਆ ਯਾ ਤੁਹਾਨੂੰ ਪੌਲੁਸ ਦੇ ਨਾਉਂ ਉੱਤੇ ਬਪਤਿਸਮਾ ਦਿੱਤਾ ਗਿਆ ਸੀ? 14ਮੈਂ**
**ਧੰਨਵਾਦ ਕਰਦਾ ਹਾਂ ਜੋ ਕਰਿਸਪੁਸ ਅਤੇ ਗਾਯੁਸ ਨੂੰ ਛੱਡ ਕੇ ਮੈਂ ਤੁਹਾਡੇ ਵਿੱਚੋਂ ਕਿਸੇ**
**ਹੋਰ ਨੂੰ ਬਪਤਿਸਮਾ ਨਹੀਂ ਦਿੱਤਾ। 15ਭਈ ਕੋਈ ਇਹ ਨਾ ਆਖੇ ਜੋ ਮੇਰੇ ਨਾਉਂ ਉੱਤੇ**
**ਤੁਹਾਨੂੰ ਬਪਤਿਸਮਾ ਦਿੱਤਾ ਗਿਆ ਸੀ। 16ਅਤੇ ਮੈਂ ਸਤਫਨਾਸ ਦੇ ਘਰਾਣੇ ਨੂੰ ਵੀ**
**ਬਪਤਿਸਮਾ ਦਿੱਤਾ। ਹੋਰ ਮੈਂ ਨਹੀਂ ਜਾਣਦਾ ਜੋ ਮੈਂ ਹੋਰ ਕਿਸੇ ਨੂੰ ਬਪਤਿਸਮਾ ਦਿੱਤਾ ਹੋਵੇ।**

**ਆਇਤ 11.** ਕੋਈ ਵੀ ਵਿਅਕਤੀ ਛੇਤੀ ਨਾਲ ਇਹ ਕਲਪਨਾ ਕਰ ਸਕਦਾ ਹੈ ਕਿ ਕਲੋਏ ਇੱਕ ਮਸੀਹੀ ਵਪਾਰਣ ਸੀ ਜਿਹੜੀ ਕੁਰਿੰਥੁਸ ਅਤੇ ਅਫ਼ਸੁਸ ਵਿਚਕਾਰ ਸਫ਼ਰ ਕਰਦੀ ਰਹਿੰਦੀ ਸੀ। ਇਹ ਨਾਮ ਇਸਤ੍ਰੀਆਂ ਵਾਲਾ ਹੈ, ਪਰ ਅਸੀਂ ਨਿਸ਼ਚਤ ਤੌਰ ਤੇ ਨਹੀਂ ਕਹਿ ਸਕਦੇ ਕਿ ਉਹ ਇੱਕ ਮਸੀਹੀ ਸੀ। KJV ਬਾਈਬਲ ਵਿੱਚ "ਕੋਲਏ ਦੇ ਘਰ" ਅਨੁਵਾਦ ਭੁਲੇਖੇ ਵਿੱਚ ਪਾਉਣ ਵਾਲਾ ਹੈ, ਕਿਉਂਕਿ ਯੂਨਾਨੀ ਵਾਕ ਵਿੱਚ ਸਿਰਫ ਇਹ ਜ਼ਰੂਰਤ ਹੁੰਦੀ ਹੈ ਕਿ ਲੋਕਾਂ ਦਾ ਕਲੋਏ ਨਾਲ ਕੁਝ ਸੰਬੰਧ ਹੈ। ਉਸ ਦਾ ਪਰਿਵਾਰ ਜਾਂ ਨੁਮਾਇੰਦੇ ਪੌਲੁਸ ਨਾਲ

ਕਈ ਤਰੀਕਿਆ ਨਾਲ ਸੰਪਰਕ ਵਿੱਚ ਹੋਣਗੇ। ਕਲੋਏ ਸ਼ਾਇਦ ਖੁਦ ਵੀ ਜਾਂ ਤਾਂ ਕੁਰਿੰਥੁਸ ਜਾਂ ਅਫ਼ਸੁਸ ਦੀ ਵਸਨੀਕ ਹੋਵੇਗੀ। ਉਹ ਭਾਵੇਂ ਕੋਈ ਵੀ ਹੋਵੇ, ਪੌਲੁਸ ਨੂੰ **ਕਲੋਏ ਦੇ ਘਰ ਦਿਆਂ ਕੋਲੋਂ** ਕੁਰਿੰਥੁਸ ਵਿੱਚ ਮਸੀਹੀ ਸਮਾਜ ਦੇ ਅੰਦਰ ਧੜੇਬਾਜੀਆਂ ਅਤੇ ਝਗੜੇ ਬਾਰੇ ਪਤਾ ਲੱਗਾ ਸੀ। ਉਹ ਦੇ ਘਰ ਦਿਆਂ ਨੂੰ ਇਨ੍ਹਾਂ ਮਾਮਲਿਆਂ ਬਾਰੇ ਸੁਭਾਵਕ ਤੌਰ ਤੇ ਮਸੀਹੀ ਸਮਾਜ ਵਿੱਚ ਹਿੱਸਾ ਲੈਣ ਵਾਲਿਆਂ ਦੇ ਨਜ਼ਰੀਏ ਤੋਂ ਪਤਾ ਲੱਗਾ ਹੋਵੇਗਾ। ਉਨ੍ਹਾਂ ਕੋਲੋਂ ਪੌਲੁਸ ਨੂੰ ਪਤਾ ਲੱਗਾ ਸੀ ਕਿ [ਉਨ੍ਹਾਂ] ਵਿੱਚ ਬਖੇੜੇ ਹੁੰਦੇ ਸਨ। ਇਹ ਇੱਕ ਪਰੇਸ਼ਾਨ ਕਰਨ ਵਾਲਾ ਮੁੱਦਾ ਸੀ।

**ਆਇਤ 12.** ਇਸ ਆਇਤ ਵਿੱਚ ਦਿੱਤੇ ਵਾਕਾਂ ਦਾ ਮੁੱਲਾਂਕਣ ਕਰਨ ਦੇ ਲਈ ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਹੈ। ਉਨ੍ਹਾਂ ਦੀ ਵਿਆਖਿਆ 1 ਕੁਰਿੰਥੀਆਂ ਵਿੱਚ ਸ਼ੁਰੂਆਤੀ ਅਧਿਆਵਾਂ ਦੇ ਪੜ੍ਹਨ ਨੂੰ ਪ੍ਰਭਾਵਿਤ ਕਰਦੀ ਹੈ। ਕੁਝ ਲੋਕ ਇਹ ਸੁਝਾਅ ਦਿੰਦੇ ਹਨ ਕਿ ਰਸੂਲ ਕੁਰਿੰਥੁਸ ਵਿੱਚ ਕੰਮ ਕਰ ਰਹੇ ਤੁੱਛ ਅਤੇ ਫੁੱਟ ਦੇ ਆਤਮਾ ਦਾ ਵਿਅੰਗ-ਚਿੱਤਰ ਪੇਸ਼ ਕਰਦਾ ਹੈ। ਫਿਰ ਵੀ, ਜਦੋਂ ਪੌਲੁਸ ਨੇ 3 ਅਤੇ 4 ਅਧਿਆਵਾਂ ਵਿੱਚ ਉਪਦੇਸ਼ਕਾਂ ਦੇ ਨਾਵਾਂ ਨੂੰ ਨਾਲ ਜੋੜ ਕੇ ਫੁੱਟ ਦੀ ਗੱਲ ਕੀਤੀ, ਇਹ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਧੜੇ ਨਾਵਾਂ ਦੇ ਇਰਦ-ਗਿਰਦ ਬਣਾਏ ਗਏ ਸਨ। ਧੜਿਆਂ ਨੇ ਇਹ ਨਾਹਰੇ ਅਪਨਾਏ ਹੋਏ ਸਨ ਕਿ "**ਮੈਂ ਪੌਲੁਸ ਦਾ ਹਾਂ**" ਜਾਂ "**ਮੈਂ ਅਪੁੱਲੋਸ ਦਾ** [ਹਾਂ]," ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਉਪਦੇਸ਼ਕਾਂ ਨੇ ਖੁਦ ਧੜਾ ਬਣਾਉਣ ਦੇ ਲਈ ਉਤਸ਼ਾਹਿਤ ਕੀਤਾ ਸੀ। ਪੰਥਾਂ ਨੂੰ ਸਥਾਪਤ ਕਰਨਾ ਕੁਰਿੰਥੁਸ ਦੇ ਲੋਕਾਂ ਦਾ ਕੰਮ ਸੀ।

ਬਾਈਬਲ ਦੇ ਪਾਠਕ ਜਾਣਦੇ ਹਨ ਕਿ ਪੌਲੁਸ ਅਤੇ ਅਪੁੱਲੋਸ ਕੁਰਿੰਥੁਸ ਵਿੱਚ ਗਏ ਸਨ, ਪਰ ਇਹ ਸਪੱਸ਼ਟ ਨਹੀਂ ਹੈ ਕਿ ਪਤਰਸ[4] ਵੀ ਉੱਥੇ ਗਿਆ ਸੀ। ਰਸੂਲਾਂ ਦੇ ਕੰਮ ਵਿੱਚ ਪਤਰਸ ਦਾ ਆਖ਼ਰੀ ਵਾਰ ਜ਼ਿਕਰ ਕਥਿਤ ਯਰੂਸ਼ਲਮ ਦੀ ਕਾਨਫਰੰਸ ਵਿੱਚ ਹੋਇਆ ਸੀ (ਰਸੂਲਾਂ ਦੇ ਕਰਤੱਬ 15:7)। ਉਹ ਕਾਨਫਰੰਸ ਤੋਂ ਬਾਅਦ ਕਿਸੇ ਸਮੇਂ ਯਰੂਸ਼ਲਮ ਤੋਂ ਚਲਾ ਗਿਆ ਹੋਵੇਗਾ ਅਤੇ ਕੁਰਿੰਥੁਸ ਵਿੱਚ ਸਮਾਂ ਗੁਜਾਰਿਆ ਹੋਵੇਗਾ। ਵਿਕਲਪਕ ਰੂਪ ਵਿੱਚ, ਯਹੂਦੀ ਮਸੀਹੀ ਲੋਕਾਂ ਕੋਲੋਂ ਇਹ ਪੱਤ੍ਰੀਆਂ ਯਰੂਸ਼ਲਮ ਦੀ ਕਲੀਸੀਆ ਤੋਂ ਘੁੰਮਦੀਆਂ ਹੋਈਆਂ (ਵੇਖੋ 2 ਕੁਰਿੰਥੀਆਂ 3:1) ਕੁਰਿੰਥੁਸ ਵਿੱਚ ਆਈਆਂ ਹੋਣਗੀਆਂ ਅਤੇ ਉਨ੍ਹਾਂ ਨੇ ਪਤਰਸ ਦੇ ਨਾਮ ਵਿੱਚ ਬੋਲਣ ਦਾ ਦਾਅਵਾ ਕੀਤਾ ਸੀ। ਰਸੂਲਾਂ ਦੇ ਕਰਤੱਬ 15:1 ਅਤੇ ਗਲਾਤੀਆਂ 2:11, 12 ਦਾ ਸੁਮੇਲ ਇਸ ਗੱਲ ਦਾ ਉਦਾਹਰਣ ਦਿੰਦਾ ਹੈ ਕਿ ਕਿਵੇਂ ਯਹੂਦੀ ਮਸੀਹੀ ਲੋਕ ਜਿਹੜੇ ਪੌਲੁਸ ਦੇ ਵਿਰੋਧੀ ਸਨ ਕਈ ਵਾਰ ਉਸ ਦੇ ਕੰਮ ਨੂੰ ਕਮਜ਼ੋਰ ਕਰਨ ਦੇ ਲਈ ਉਸ ਦੇ ਪਿੱਛੇ ਭੱਜੇ ਫਿਰਦੇ ਸਨ। ਇਸ ਤੋਂ ਇਲਾਵਾ, 1 ਕੁਰਿੰਥੀਆਂ ਦੇ ਲਿਖੇ ਜਾਣ ਤੋਂ ਬਾਅਦ ਦੋ ਸਾਲ ਦੇ ਅੰਦਰ-ਅੰਦਰ, ਕਲੀਸੀਆ ਵਿੱਚ ਕੁਝ ਲੋਕ ਕੁਝ ਅਜਿਹੇ ਸਮੂਹਾਂ ਦੇ ਪ੍ਰਭਾਵ ਹੇਠ ਆ ਗਏ ਸਨ ਜਿਹੜੇ ਪਰਾਈਆਂ ਕੌਮਾਂ ਵਿੱਚ ਮਸੀਹ ਵਿੱਚ ਆਏ ਨਵੇਂ-ਨਵੇਂ ਲੋਕਾਂ ਤੇ ਮੂਸਾ ਦੀ ਸ਼ਰਾ ਨੂੰ ਥੋਪਣਾ ਚਾਹੁੰਦੇ ਸਨ (2 ਕੁਰਿੰਥੀਆਂ 3:4-11)। ਕਈਆਂ ਨੇ ਤਾਂ ਪਤਰਸ ਦੀ ਜਾਣਕਾਰੀ ਤੋਂ ਬਿਨਾਂ ਪਤਰਸ ਨੂੰ ਉਨ੍ਹਾਂ ਦੇ ਦਲ ਦਾ ਆਗੂ ਹੋਣ ਦਾ ਦਾਅਵਾ ਕੀਤਾ ਹੋਵੇਗਾ।

ਪਤਰਸ ਨਾਲ ਭਾਵੇਂ ਕੁਝ ਵੀ ਹੋਇਆ ਹੋਵੇ, ਮਸੀਹ ਉਹ ਸ਼ਹਿਰ ਵਿੱਚ ਨਹੀਂ ਸੀ ਗਿਆ। ਕੋਈ ਵੀ ਵਿਅਕਤੀ ਇਸ ਗੱਲ ਤੋਂ ਹੈਰਾਨ ਹੋ ਸਕਦਾ ਹੈ ਕਿ ਮਸੀਹ ਦਾ ਧੜਾ ਕਿਸ ਤਰ੍ਹਾਂ ਦਾ ਲੱਗਦਾ ਹੋਵੇਗਾ। ਕੀ ਉਹ ਸਾਰੇ ਮਸੀਹ ਦੇ ਨਹੀਂ ਸਨ? 3:4-9 ਵਿੱਚ ਜਦੋਂ ਰਸੂਲ ਨੇ ਫੇਰ ਧੜਿਆਂ ਦਾ ਜ਼ਿਕਰ ਕੀਤਾ, ਉਸ ਨੇ ਸਿਰਫ ਆਪਣਾ ਅਤੇ ਅਪੁੱਲੋਸ ਦਾ ਨਾਮ ਲਿਆ। 3:22 ਵਿੱਚ ਸਾਨੂੰ ਕੇਫ਼ਾਸ ਦਾ ਜ਼ਿਕਰ ਮਿਲਦਾ ਹੈ, ਪਰ ਉੱਥੇ ਧੜੇਬਾਜੀਆਂ ਮੁੱਦਾ

ਨਹੀਂ ਸੀ। ਕਿਉਂਕਿ ਪੌਲੁਸ ਅਤੇ ਅਪੁੱਲੋਸ ਕੁਰਿੰਥੁਸ ਦੇ ਲੋਕਾਂ ਵਿੱਚ ਮੁੱਖ ਆਗੂ ਸਨ ਅਤੇ ਕਿਉਂਕਿ ਉਨ੍ਹਾਂ ਦੇ ਵਿਅਕਤੀਗਤ ਗੁਣ ਬਹੁਤ ਹੀ ਜ਼ਿਆਦਾ ਵੱਖਰੇ ਸਨ, ਸ਼ਹਿਰ ਵਿੱਚ ਕੁਝ ਮਸੀਹੀ ਲੋਕਾਂ ਨੇ ਸ਼ਾਇਦ ਇੱਕ ਨੂੰ ਜਾਂ ਦੂਸਰੇ ਨੂੰ ਸੂਰਮਾ ਸਮਝਿਆ।

ਫੁੱਟਾਂ ਸੰਭਵ ਤੌਰ ਤੇ ਦਾਰਸ਼ਨਿਕ ਫ਼ਰਕਾਂ ਦੀਆਂ ਅਪੀਲਾਂ ਦੁਆਰਾ ਪਈਆਂ ਸਨ। ਸਿਰਫ ਬਾਅਦ ਵਿੱਚ ਹੀ ਇੱਕ ਧੜਾ ਪੌਲੁਸ ਵੱਲ ਅਤੇ ਦੂਜਾ ਧੜਾ ਅਪੁੱਲੋਸ ਵੱਲ ਹੋ ਗਿਆ। ਇਸ ਦੇ ਵਿੱਚ ਹੋਰਨਾਂ ਨਾਵਾਂ ਨੂੰ ਜੋੜਨ ਦੁਆਰਾ, ਪੌਲੁਸ ਨੇ ਉਨ੍ਹਾਂ ਦੇ ਵਿਹਾਰ ਦੀ ਬੇਹੂਦਗੀ ਨੂੰ ਪ੍ਰਦਰਸ਼ਿਤ ਕੀਤਾ ਸੀ। "ਆਓ ਪਤਰਸ ਦੇ ਧੜੇ ਵਿੱਚ ਚੱਲੀਏ," ਉਸ ਨੇ ਸ਼ਾਇਦ ਕਿਹਾ, "ਅਤੇ ਮਸੀਹ ਦੇ ਧੜੇ ਵਿੱਚ।" ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਕੁਰਿੰਥੁਸ ਵਿੱਚ ਧੜੇਬਾਜੀਆਂ ਉਨ੍ਹਾਂ ਵਿਅਕਤੀਗਤ ਤਰਜੀਹਾਂ ਅਤੇ ਦਾਰਸ਼ਨਿਕ ਸਿੱਖਿਆਵਾਂ ਦੇ ਇਰਦ-ਗਿਰਦ ਘੁੰਮਦੀਆਂ ਸਨ ਜਿਨ੍ਹਾਂ ਨੇ ਜਾਂ ਤਾਂ ਪੌਲੁਸ ਜਾਂ ਅਪੁੱਲੋਸ ਨੂੰ ਜ਼ਿਆਦਾ ਅਨੁਕੂਲ ਪਾਇਆ। ਜੇਕਰ ਦਲ ਪਤਰਸ ਨਾਲ ਜੁੜੇ ਹੋਣ ਦਾ ਦਾਅਵਾ ਕਰ ਰਹੇ ਸਨ ਅਤੇ ਮਸੀਹ ਮੌਜੂਦ ਸੀ, ਪਤਰਸ ਦਾ ਧੜਾ ਸੰਭਵ ਤੌਰ ਤੇ ਉਨ੍ਹਾਂ ਉਪਦੇਸ਼ਕਾਂ ਦੇ ਸਮਾਨ ਦੀ ਜਿਹੜੇ ਗਲਾਤਿਯਾ ਦੀਆਂ ਕਲੀਸੀਆਵਾਂ ਵਿੱਚ ਪੌਲੁਸ ਦੇ ਪਿੱਛੇ ਹੀ ਆ ਗਏ (ਗਲਾਤੀਆਂ 5:3-6)। ਜੇਕਰ ਉੱਥੇ ਮਸੀਹ ਦਾ ਸੱਚਮੁੱਚ ਕੋਈ ਦਲ ਸੀ, ਇਸ ਦੇ ਮੈਂਬਰਾਂ ਨੇ ਪ੍ਰਭੂ ਦੇ ਪ੍ਰਤੀ ਆਪਣੀ ਵਫ਼ਾਦਾਰੀ ਦੇ ਕਾਰਨ ਉੱਤਮਤਾ ਦਾ ਦਾਅਵਾ ਕੀਤਾ ਹੋਵੇਗਾ ਇੱਕ ਅਜਿਹੀ ਵਫ਼ਾਦਾਰੀ ਜੋ ਉਨ੍ਹਾਂ ਦੀ ਸੋਚ ਅਨੁਸਾਰ ਉਨ੍ਹਾਂ ਨੂੰ ਦੂਜਿਆਂ ਨਾਲੋਂ ਜ਼ਿਆਦਾ ਧਰਮੀ ਬਣਾਉਂਦੀ ਸੀ।

ਪੌਲੁਸ ਨੇ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੱਤਾ ਕਿ ਉਨ੍ਹਾਂ ਦਲਾਂ ਨੇ ਵੱਖ-ਵੱਖ ਗੱਲਾਂ ਦੀ ਸਿੱਖਿਆ ਦਿੱਤੀ ਸੀ। ਪੁਰਾਤਨ ਸੰਸਾਰ ਵਿੱਚ, ਵਿਅਕਤੀਗਤ ਵਫ਼ਾਦਾਰੀ ਹੀ ਸਭ ਕੁਝ ਸੀ; ਸਿਧਾਂਤਾਂ ਦੇ ਪ੍ਰਤੀ ਵਫ਼ਾਦਾਰੀ ਅਕਸਰ ਨਾ ਮਾਤਰ ਹੁੰਦੀ ਸੀ। ਉਸ ਗੱਲ ਦੇ ਲਈ, ਪੌਲੁਸ, ਅਪੁੱਲੋਸ ਅਤੇ ਪਤਰਸ ਵੀ ਨਿਹਚਾ ਦੀਆਂ ਕੇਂਦਰੀ ਡਾਕਟ੍ਰਿਨਾਂ ਤੇ ਇੱਕ ਮਨ ਸਨ, ਹਾਲਾਂਕਿ ਉਨ੍ਹਾਂ ਨੇ ਵੱਖ-ਵੱਖ ਖੇਤਰਾਂ ਤੇ ਜ਼ੋਰ ਦਿੱਤਾ ਹੋਵੇਗਾ। ਰਸੂਲਾਂ ਦੇ ਕਰਤੱਬ ਵਿੱਚ ਅਪੁੱਲੋਸ ਦਾ ਵਰਣਨ ਇਹ ਸੁਝਾਅ ਦਿੰਦਾ ਹੈ ਕਿ ਉਹ ਹੁਸ਼ਿਆਰ ਅਤੇ ਪੜ੍ਹਿਆ ਲਿਖਿਆ ਸੀ। ਸੰਭਵ ਤੌਰ ਤੇ, ਉਹ ਉਨ੍ਹਾਂ ਲੋਕਾਂ ਦੀਆਂ ਨਜ਼ਰਾਂ ਵਿੱਚ ਜ਼ਿਆਦਾ ਸੁਭਾਵਿਕ ਵਿਅਕਤੀ ਸੀ ਜਿਹੜੇ ਲੋਕਾਂ ਵਿੱਚ ਆਦਰ ਭਾਲਦੇ ਸਨ ਜਿਹੜੇ ਸੰਸਾਰ ਦੇ ਗਿਆਨ ਨੂੰ ਮਾਨਤਾ ਦਿੰਦੇ ਸਨ। ਕੁਝ ਸਮੇਂ ਤੱਕ, ਉਹ ਆਪਣੇ ਆਪ ਨੂੰ ਦੂਜਿਆਂ ਨਾਲੋਂ ਬਿਹਤਰ ਸਮਝਦੇ ਪ੍ਰਤੀਤ ਹੁੰਦੇ ਸਨ।

**ਆਇਤ 13.** ਕੰਮਾਂ ਬਾਰੇ ਰਸੂਲ ਦਾ ਉਦਾਸੀਨ ਵਰਣਨ ਛੇਤੀ ਹੀ ਖਿੱਝ ਵਿੱਚ ਬਦਲ ਗਿਆ। ਉਸ ਨੇ ਇਸ ਸਵਾਲ ਨਾਲ ਸ਼ੁਰੂਆਤ ਕਰਦਿਆਂ ਕਿ **ਭਲਾ**, **ਮਸੀਹ ਵੰਡਿਆ ਹੋਇਆ ਹੈ**? ਸਵਾਲਾਂ ਦੀ ਲੜੀ ਲਾ ਦਿੱਤੀ। ਕੀ ਕੋਈ ਵਿਅਕਤੀ ਮਸੀਹ ਨੂੰ ਵੰਡ ਸਕਦਾ ਸੀ? ਰਸੂਲ ਦੇ ਲਈ, ਮਸੀਹ ਦੀ ਦੇਹ ਨੂੰ ਹਿੱਸਿਆਂ ਵਿੱਚ ਵੰਡਣਾ ਖੁਦ ਪ੍ਰਭੂ ਨੂੰ ਵੰਡਣ ਦੇ ਬਰਾਬਰ ਸੀ। ਕਲੀਸੀਆ ਮਸੀਹ ਦੀ ਦੇਹ ਹੈ (ਅਫ਼ਸੀਆਂ 1:22, 23)। ਯੂਨਾਨੀ ਭੂਤਕਾਲ ਵਿੱਚ ਇੱਕ ਅਨੁਵਾਦ (μεμέρισται, *ਮੈਮਰਿਸਟਾਈ*) ਕਿ "ਕੀ ਮਸੀਹ ਵੰਡਿਆ ਹੋਇਆ ਹੈ?" (NIV), ਪੌਲੁਸ ਦੇ ਅਰਥ ਨੂੰ ਲੈਂਦਾ ਹੈ। ਬੇਪਰਤੀਤੀ ਉੱਤਰ ਦੀ ਮੰਗ ਕਰਦੀ ਹੈ: "ਕੀ ਤੁਸੀਂ ਮਸੀਹ ਦੀ ਦੇਹ ਨੂੰ ਹਿੱਸਿਆਂ ਵਿੱਚ ਵੰਡਣ ਦੀ ਹਿੰਮਤ ਕੀਤੀ ਹੈ?"

ਪੌਲੁਸ ਨੇ ਸ਼ਾਇਦ ਪੁੱਛਿਆ ਹੋਵੇਗਾ, "ਕੀ ਅਪੁੱਲੋਸ ਜਾਂ ਕੇਫ਼ਾਸ ਤੁਹਾਡੇ ਲਈ ਸਲੀਬ ਦਿੱਤਾ ਗਿਆ?" ਪਰ ਮਾਮਲਿਆਂ ਦੀ ਦਸ਼ਾ ਦਾ ਵਿਅਕਤੀਗਤ ਡੰਗ ਸੀ। ਬਾਕੀ ਆਪਣੇ ਆਪ

ਦੇ ਲਈ ਬੋਲ ਸਕਦੇ ਸਨ, ਪੌਲੁਸ ਉਸ ਦੇ ਆਪਣੇ ਨਾਮ ਦੇ ਬਾਰੇ ਸਫ਼ਾਈ ਦੇਣਾ ਚਾਹੁੰਦਾ ਸੀ। **ਕੀ ਪੌਲੁਸ ਤੁਹਾਡੇ ਲਈ ਸਲੀਬ ਦਿੱਤਾ ਗਿਆ**? ਰਸੂਲ ਦਾ ਮੰਨਣਾ ਇਹ ਹੋਵੇਗਾ ਕਿ ਉਸ ਦੇ ਨਾਮ ਨੂੰ ਲੈਣਾ ਉਸ ਦੇ ਲਈ ਪ੍ਰਭੂ ਹੋਣ ਦਾ ਦਾਅਵਾ ਕਰਨ ਦੇ ਸਮਾਨ ਸੀ। ਉਹ ਇਸ ਵਿਚਾਰ ਤੋਂ ਡਰਦਾ ਸੀ।

ਪੌਲੁਸ ਦਾ ਤੀਜਾ ਸਵਾਲ – ਯਾ ਤੁਹਾਨੂੰ ਪੌਲੁਸ ਦੇ ਨਾਉਂ ਉੱਤੇ ਬਪਤਿਸਮਾ ਦਿੱਤਾ ਗਿਆ ਸੀ? – ਵਿਸ਼ੇਸ਼ ਤੌਰ ਤੇ ਕਾਫੀ ਦਿਲਚਸਪ ਹੈ। ਇਹ ਉਸ ਸੰਬੰਧ ਦੀ ਸਮਝ ਪ੍ਰਦਾਨ ਕਰਦਾ ਹੈ ਜੋ ਰਸੂਲ ਨੇ ਬਪਤਿਸਮਾ ਲੈਣ ਅਤੇ ਮਸੀਹ ਵਿੱਚ ਹੋਣ ਵਿਚਕਾਰ ਬਣਾਇਆ ਸੀ। ਇਹ ਸਵਾਲ ਪੁੱਛਣ ਦੇ ਦੁਆਰਾ, ਪੌਲੁਸ ਨੇ ਇਹ ਦਰਸਾਇਆ ਸੀ ਕਿ ਬਿਨਾਂ ਬਪਤਿਸਮਾ ਲਏ ਇੱਕ ਮਸੀਹੀ ਹੋਣਾ ਸਮਝ ਤੋਂ ਬਾਹਰ ਹੈ (ਵੇਖੋ ਰੋਮੀਆਂ 6:3, 4)। ਜਦੋਂ ਉਸ ਨੇ ਪੁੱਛਿਆ, "ਕੀ ਪੌਲੁਸ ਤੁਹਾਡੇ ਲਈ ਸਲੀਬ ਦਿੱਤਾ ਗਿਆ?" ਇਸ ਦਾ ਅਰਥ ਇਹ ਸੀ ਕਿ ਮਸੀਹ, ਨਾ ਕਿ ਪੌਲੁਸ, ਉਨ੍ਹਾਂ ਦੇ ਲਈ ਸਲੀਬ ਦਿੱਤਾ ਗਿਆ ਸੀ। ਇਸ ਤੋਂ ਤੁਰੰਤ ਬਾਅਦ ਉਸ ਨੇ ਉਨ੍ਹਾਂ ਦੇ ਬਪਤਿਸਮਾ ਲੈਣ ਦੇ ਬਾਰੇ ਸਵਾਲ ਕੀਤਾ। ਉਹ ਇਹ ਸਮਝਣ ਦੇ ਲਈ ਆਪਣੇ ਪਾਠਕਾਂ ਤੇ ਭਰੋਸਾ ਕਰ ਸਕਦਾ ਸੀ ਕਿ ਬਪਤਿਸਮਾ ਉਨ੍ਹਾਂ ਦੇ ਸਲੀਬ ਦੇ ਫਾਇਦਿਆਂ ਵਿੱਚ ਹਿੱਸਾ ਲੈਣ ਦੀ ਇੱਕ ਗਵਾਹੀ ਸੀ (ਵੇਖੋ ਕੁਲੁੱਸੀਆਂ 2:12)।

**ਆਇਤ 14.** ਪੌਲੁਸ ਨੂੰ ਇੱਕ ਵਿਸ਼ਵਾਸੀ ਨੂੰ ਨਿੱਜੀ ਤੌਰ ਤੇ ਪੌਲੁਸ ਦੇ ਨਾਮ ਵਿੱਚ ਬਪਤਿਸਮਾ ਦੇਣ ਦੀ ਲੋੜ ਨਹੀਂ ਸੀ। ਫਿਰ ਵੀ, ਰਸੂਲ ਇਹ ਸਮਝਾਉਣਾ ਚਾਹੁੰਦਾ ਸੀ ਕਿ ਉਹ ਅਜਿਹੀ ਚੀਜ਼ ਦਾ ਹਿੱਸਾ ਨਹੀਂ ਸੀ। ਕੁਝ ਲੋਕ ਦਾਅਵਾ ਕਰ ਸਕਦੇ ਸਨ ਕਿ ਪੌਲੁਸ ਨੇ ਉਨ੍ਹਾਂ ਨੂੰ ਬਪਤਸਿਮਾ ਦਿੱਤਾ ਸੀ ਅਤੇ ਕੋਈ ਵੀ ਸਹੀ ਤਰ੍ਹਾਂ ਇਹ ਨਹੀਂ ਸੀ ਕਹਿ ਸਕਦਾ ਕਿ ਪੌਲੁਸ ਨੇ ਉਸ ਦੇ ਆਪਣੇ ਨਾਮ ਵਿੱਚ ਬਪਤਿਸਮਾ ਦਿੱਤਾ ਸੀ। ਪੌਲੁਸ ਇਸ ਧਾਰਣਾ ਬਾਰੇ ਹੱਕਾ ਬੱਕਾ ਰਹਿ ਗਿਆ ਸੀ।

ਅਚਾਣਕ, ਰਸੂਲ ਨੇ ਸਿਰਫ ਦੋ ਲੋਕਾਂ ਨੂੰ ਚੇਤੇ ਕੀਤਾ ਜਿਨ੍ਹਾਂ ਨੂੰ ਉਸ ਨੇ ਵਿਅਕਤੀਗਤ ਤੌਰ ਤੇ ਬਪਤਿਸਮਾ ਦਿੱਤਾ ਸੀ: **ਕਰਿਸਪੁਸ ਅਤੇ ਗਾਯੁਸ**। ਅਸੀਂ ਇਹ ਸੋਚਣ ਦੇ ਲਈ ਮਜ਼ਬੂਰ ਹੁੰਦੇ ਹਾਂ ਕਿ ਪੌਲੁਸ ਨੇ ਇਨ੍ਹਾਂ ਦੋ ਵਿਅਕਤੀਆਂ ਨੂੰ ਕਿਉਂ ਬਪਤਿਸਮਾ ਦਿੱਤਾ ਸੀ। ਦੋਵੇਂ ਵਿਅਕਤੀ ਧਨੀ ਅਤੇ ਪ੍ਰਸਿੱਧ ਪ੍ਰਤੀਤ ਹੁੰਦੇ ਹਨ। ਜਦੋਂ ਪੌਲੁਸ ਨੇ ਕੁਰਿੰਥੁਸ ਵਿੱਚੋਂ ਰੋਮੀਆਂ ਨੂੰ ਆਪਣੀ ਪੱਤ੍ਰੀ ਲਿਖੀ, ਉਸ ਨੇ ਕਿਹਾ ਕਿ ਗਾਯੁਸ ਨੇ ਕੁਰਿੰਥੁਸ ਵਿੱਚ ਉਸ ਦੀ ਅਤੇ ਸਾਰੀ ਕਲੀਸੀਆ ਦੀ ਮੇਜ਼ਬਾਨੀ ਕੀਤੀ ਸੀ (ਰੋਮੀਆਂ 16:23)। ਪਰਤੱਖ ਰੂਪ ਵਿੱਚ, ਗਾਯੁਸ ਦਾ ਘਰ ਬਹੁਤ ਵੱਡਾ ਸੀ। ਕਰਿਸਪੁਸ ਆਪਣੇ ਮਨ ਪਰਿਵਰਤਨ ਤੋਂ ਪਹਿਲਾਂ ਕੁਰਿੰਥੁਸ ਵਿੱਚ ਯਹੂਦੀ ਸਮਾਜ ਦਾ ਆਗੂ ਰਹਿ ਚੁੱਕਾ ਸੀ (ਰਸੂਲਾਂ ਦੇ ਕਰਤੱਬ 18:8)। ਪੌਲੁਸ ਨੇ ਸ਼ਾਇਦ ਉਨ੍ਹਾਂ ਦੇ ਉੱਚੇ ਸਮਾਜਕ ਰੁਤਬੇ ਦੇ ਕਾਰਨ ਉਨ੍ਹਾਂ ਨੂੰ ਨਿੱਜੀ ਤੌਰ ਤੇ ਬਪਤਿਸਮਾ ਦਿੱਤਾ ਹੋਵੇਗਾ। ਉਨ੍ਹਾਂ ਦੇ ਬਪਤਿਸਮੇ ਕਲੀਸੀਆ ਦੇ ਲਈ ਖ਼ਾਸ ਮੌਕੇ ਰਹੇ ਹੋਣਗੇ। ਗਰਡ ਥੀਸੇਨ ਨੇ ਟਿੱਪਣੀ ਕੀਤੀ, "ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪੌਲੁਸ ਨੇ ਆਪਣੇ ਬਪਤਿਸਮਾ ਦੇਣ ਦੀ ਪ੍ਰਕਿਰਿਆ ਨੂੰ ਸਮਾਜ ਦੇ ਕੁਝ ਪ੍ਰਭਾਵਸ਼ਾਲੀ ਅਤੇ ਮਹੱਤਵਪੂਰਣ ਮੈਂਬਰਾਂ ਤੱਕ ਹੀ ਸੀਮਤ ਰੱਖਿਆ ਸੀ।"[5] ਕਲੀਸੀਆ ਵਿੱਚ ਫੁੱਟਾਂ ਦਾ ਸੰਬੰਧ ਸ਼ਾਇਦ ਉੱਚੇ ਅਤੇ ਨੀਵੇਂ ਸਮਾਜਕ ਰੁਤਬੇ ਵਾਲੇ ਲੋਕਾਂ ਦੇ ਵਿਚਕਾਰ ਤਨਾਵਾਂ ਨਾਲ ਸੀ (ਵੇਖੋ 1 ਕੁਰਿੰਥੀਆਂ 11:20-22)।

**ਆਇਤ 15.** ਪੌਲੁਸ ਦਾ ਬਚਾਅ ਕਰਨ ਵਾਲਾ ਰਵੱਈਆ ਇਸ ਗੱਲ ਦਾ ਸੰਕੇਤ ਹੈ ਕਿ

ਕਲੀਸੀਆ ਦੇ ਅੰਦਰ ਵੀ ਉਸ ਦੀ ਆਲੋਚਨਾ ਕਰਨ ਵਾਲੇ ਲੋਕ ਸਨ। ਜੇਕਰ ਕਿਸੇ ਵਿਅਕਤੀ ਨੇ ਪੌਲੁਸ ਦੇ ਨਾਮ ਵਿੱਚ ਬਪਤਿਸਮਾ ਲੈਣ ਦਾ ਦਾਅਵਾ ਕੀਤਾ ਸੀ ਤਾਂ ਰਸੂਲ ਉਸ ਨੂੰ ਇਹ ਸਮਝਾਉਣਾ ਚਾਹੁੰਦਾ ਸੀ ਕਿ ਇਹ ਉਸ ਦੇ ਗਿਆਨ ਜਾਂ ਪਰਵਾਨਗੀ ਨਾਲ ਨਹੀਂ ਸੀ ਕੀਤਾ ਗਿਆ। ਉਹ ਨਿਸ਼ਚਤ ਤੌਰ ਤੇ ਕਹਿ ਸਕਦਾ ਸੀ ਕਿ ਕੁਰਿੰਥੁਸ ਦਾ ਕੋਈ ਵੀ ਮਸੀਹੀ ਵਿਅਕਤੀ ਜਿਸ ਨੂੰ ਉਸ ਨੇ ਬਪਤਿਸਮਾ ਦਿੱਤਾ ਸੀ ਉਹ **ਦੇ ਨਾਉਂ ਉੱਤੇ** ਬਪਤਿਸਮਾ ਪਾਉਣ ਦਾ ਦਾਅਵਾ ਕਰ ਸਕਦਾ ਸੀ।

**ਆਇਤ 16.** ਰਸੂਲ ਸਿਰਫ ਕਰਿਸਪੁਸ ਅਤੇ ਗਾਯੁਸ ਨੂੰ ਉਸ ਦੇ ਆਪਣੇ ਹੱਥਾਂ ਨਾਲ ਬਪਤਿਸਮਾ ਦੇਣ ਦੇ ਆਪਣੇ ਦਾਅਵੇ ਤੋਂ ਪਿੱਛੇ ਹਟਣ ਲਈ ਰੁਕ ਗਿਆ। ਉਸ ਨੂੰ ਯਾਦ ਆਇਆ ਕਿ ਉਸ ਨੇ **ਸਤਫਨਾਸ ਦੇ ਘਰਾਣੇ** ਨੂੰ ਵੀ ਬਪਤਿਸਮਾ ਦਿੱਤਾ ਸੀ, ਇੱਕ ਅਜਿਹਾ ਮਸੀਹੀ ਜਿਸ ਦਾ ਰਸੂਲਾਂ ਦੇ ਕਰਤੱਬ ਵਿੱਚ ਜਾਂ ਰੋਮੀਆਂ 16 ਵਿੱਚ ਜ਼ਿਕਰ ਨਹੀਂ ਕੀਤਾ ਗਿਆ। ਇੱਥੇ ਜਾਂ ਰਸੂਲਾਂ ਦੇ ਕਰਤੱਬ 16:15, 34 ਵਿੱਚ “ਘਰਾਣੇ” ਸ਼ਬਦ ਇਹ ਸੁਝਾਅ ਨਹੀਂ ਦਿੰਦਾ ਕਿ ਬਾਲਗਾਂ ਦੇ ਨਾਲ-ਨਾਲ ਬੱਚਿਆਂ ਨੂੰ ਵੀ ਬਪਤਿਸਮਾ ਦਿੱਤਾ ਗਿਆ ਸੀ। ਕੌਣ ਬਪਤਿਸਮਾ ਲੈਣ ਦਾ ਸਹੀ ਉਮੀਦਵਾਰ ਹੈ ਉਸ ਦਾ ਫ਼ੈਸਲਾ “ਘਰਾਣੇ” ਤੋਂ ਇਲਾਵਾ ਕਿਸੇ ਹੋਰ ਆਧਾਰ ਤੇ ਕੀਤਾ ਜਾਣਾ ਚਾਹੀਦਾ ਹੈ।

ਕਰਿਸਪੁਸ ਅਤੇ ਗਾਯੁਸ ਦੇ ਨਾਲ-ਨਾਲ ਸਤਫਨਾਸ ਸ਼ਾਇਦ ਕੁਰਿੰਥੁਸ ਦੀ ਕਲੀਸੀਆ ਵਿੱਚ ਇੱਕ ਮਹੱਤਵਪੂਰਣ ਵਿਅਕਤੀ ਹੋਵੇਗਾ। ਬਾਅਦ ਵਿੱਚ ਪੌਲੁਸ ਨੇ ਕੁਰਿੰਥੀਆਂ ਨੂੰ ਚੇਤੇ ਕਰਾਇਆ ਸੀ ਕਿ ਸਤਫਨਾਸ ਕੁਰਿੰਥੁਸ ਦੇ ਉਨ੍ਹਾਂ ਲੋਕਾਂ ਵਿੱਚੋਂ ਸੀ ਜਿਹੜੇ ਸਭ ਤੋਂ ਪਹਿਲਾਂ ਮਸੀਹ ਵਿੱਚ ਆਏ ਸਨ ਅਤੇ ਉਸ ਨੇ ਕਲੀਸੀਆ ਨੂੰ ਆਤਮਿਕ ਅਗਵਾਈ ਦੇ ਲਈ ਸਤਫਨਾਸ ਵਰਗੇ ਮਨੁੱਖਾਂ ਵੱਲ ਵੇਖਣ ਦੀ ਬੇਨਤੀ ਕੀਤੀ (16:15, 16)। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਦੂਜਿਆਂ ਦੇ ਨਾਲ-ਨਾਲ ਸਤਫਨਾਸ ਕੁਰਿੰਥੀਆਂ ਦੀ ਕਲੀਸੀਆ ਵੱਲੋਂ ਪੱਤ੍ਰੀ ਲੈ ਕੇ ਅਫ਼ਸੁਸ ਨੂੰ ਗਿਆ ਸੀ (7:1a; 16:17)। ਦੋ ਮਨੁੱਖ ਜਿਹੜੇ ਉਸ ਦੇ ਨਾਲ ਗਏ ਸਨ ਉਨ੍ਹਾਂ ਦੇ ਨਾਮ ਇਸ ਤਰ੍ਹਾਂ ਦੇ ਸਨ ਜੋ ਗੁਲਾਮਾਂ ਦੇ ਲਈ ਆਮ ਤੌਰ ਤੇ ਵਰਤੇ ਜਾਣ ਵਾਲੇ ਨਾਮ ਸਨ। “ਫ਼ੁਰਤੂਨਾਤੁਸ” ਦਾ ਅਰਥ ਕੁਝ ਅਜਿਹੀ ਚੀਜ਼ ਹੁੰਦਾ ਹੈ ਜੋ “ਕਿਸਮਤ ਵਾਲੀ” ਹੁੰਦੀ ਹੈ; “ਅਖਾਇਕੁਸ” ਇੱਕ ਜਾਤੀ ਨਾਮ ਹੈ ਜੋ ਸੰਭਵ ਤੌਰ ਤੇ ਅਖਾਯਾ ਤੋਂ ਹੋਣ ਵਜੋਂ ਪਛਾਣਿਆ ਗਿਆ ਸੀ ਅਤੇ ਕੁਰਿੰਥੁਸ ਅਖਾਯਾ ਦੇ ਇਲਾਕੇ ਦੇ ਲਈ ਰੋਮੀ ਸਰਕਾਰ ਦੀ ਰਾਜਗੱਦੀ ਸੀ। ਸਤਫਨਾਸ ਪੌਲੁਸ ਨਾਲ ਸਲਾਹ ਕਰਨ ਦੇ ਲਈ ਕੁਰਿੰਥੁਸ ਤੋਂ ਅਫ਼ਸੁਸ ਨੂੰ ਆਪਣੇ ਦੌਰੇ ਤੇ ਜਾਣ ਸਮੇਂ ਆਪਣੇ ਇੱਕ ਦੋ ਗੁਲਾਮਾਂ ਨੂੰ ਆਪਣੇ ਨਾਲ ਲੈ ਕੇ ਗਿਆ ਹੋਵੇਗਾ। ਸਫ਼ਰ ਤੇ ਹਮੇਸ਼ਾ ਖ਼ਤਰਾ ਬਣਿਆ ਰਹਿੰਦਾ ਸੀ। ਇਕੱਲੇ ਬੰਦੇ ਦੇ ਸਫ਼ਰ ਕਰਨ ਨਾਲੋਂ ਤਿੰਨ ਬੰਦਿਆਂ ਦਾ ਇਕੱਠੇ ਸਫ਼ਰ ਕਰਨਾ ਜ਼ਿਆਦਾ ਸੁਰੱਖਿਅਤ ਹੁੰਦਾ ਸੀ।

ਇਹ ਸਵੀਕਾਰ ਕਰਨ ਤੋਂ ਬਾਅਦ ਕਿ ਉਸ ਨੇ ਸਤਫਨਾਸ ਨੂੰ ਬਪਤਿਸਮਾ ਦਿੱਤਾ ਸੀ, ਪੌਲੁਸ ਨੇ ਉਨ੍ਹਾਂ ਦੀ ਅਨੰਤਤਾ ਦਾ ਨਿਵੇਦਨ ਕਰਨ ਦੇ ਦੁਆਰਾ ਹੋਰ ਕਿਸ ਯਾਦਾਸ਼ਤ ਤੁਰੁੱਟੀ ਤੋਂ ਆਪਣੇ ਆਪ ਦਾ ਬਚਾਅ ਕੀਤਾ। ਰਸੂਲ ਨੇ ਇਸ ਗੱਲ ਦਾ ਇਕਰਾਰ ਕੀਤਾ ਕਿ **ਹੋਰ ਮੈਂ ਨਹੀਂ ਜਾਣਦਾ ਜੋ ਮੈਂ ਹੋਰ ਕਿਸੇ ਨੂੰ ਬਪਤਿਸਮਾ ਦਿੱਤਾ ਹੋਵੇ**। ਪੌਲੁਸ ਦਾ ਇਰਾਦਾ ਧੋਖਾ ਦੇਣ ਦਾ ਨਹੀਂ ਸੀ। ਜੇਕਰ ਉਹ ਦੂਜਿਆਂ ਦਾ ਜ਼ਿਕਰ ਕਰਨ ਵਿੱਚ ਅਸਫ਼ਲ ਹੋਇਆ ਜਿਨ੍ਹਾਂ ਨੂੰ ਉਸ ਨੇ ਨਿੱਜੀ ਤੌਰ ਤੇ ਬਪਤਿਸਮਾ ਦਿੱਤਾ ਸੀ, ਤਾਂ ਇਹ ਉਸ ਦੀ ਯਾਦ ਸ਼ਕਤੀ ਦੀ ਇੱਕ ਭੁੱਲ ਸੀ। ਉਸ ਦੇ ਸ਼ਬਦ ਇਸ ਗੱਲ ਦੀ ਇੱਕ ਤਾਕੀਦ ਹਨ ਕਿ ਪ੍ਰੇਰਣਾ ਪਵਿੱਤਰ

ਆਤਮਾ ਦੁਆਰਾ ਸ਼ਬਦਾਂ ਨੂੰ ਬੋਲ ਕੇ ਲਿਖਵਾਏ ਜਾਣ ਤੋਂ ਵੱਧ ਮਹੱਤਵਪੂਰਣ ਸੀ। ਪਵਿੱਤਰ ਆਤਮਾ ਜਾਣਦਾ ਸੀ ਕਿ ਰਸੂਲ ਨੇ ਕਿੰਨੇ ਲੋਕਾਂ ਨੂੰ ਬਪਤਿਸਮਾ ਦਿੱਤਾ ਸੀ; ਪੌਲੁਸ ਖੁਦ ਵੀ ਇਹ ਜਾਣਦਾ ਸੀ।

**"ਮਸੀਹ ਦੀ ਸਲੀਬ ਤੇ ਧਿਆਨ ਕੇਂਦਰਿਤ ਕਰਨਾ" (1:17)**

**17ਕਿਉਂ ਜੋ ਮਸੀਹ ਨੇ ਮੈਨੂੰ ਬਪਤਿਸਮਾ ਦੇਣ ਲਈ ਨਹੀਂ ਸਗੋਂ ਖੁਸ਼ ਖਬਰੀ ਸੁਣਾਉਣ ਲਈ ਘੱਲਿਆ, ਪਰ ਸ਼ਬਦਾਂ ਦੇ ਗਿਆਨ ਨਾਲ ਨਹੀਂ ਭਈ ਕਿਤੇ ਐਉਂ ਨਾ ਹੋਵੇ ਜੋ ਮਸੀਹ ਦੀ ਸਲੀਬ ਅਵਿਰਥੀ ਹੋ ਜਾਏ।**

**ਆਇਤ 17.** ਉਹ ਕਾਰਣ ਜਿਸੇ ਕਰਕੇ ਪੌਲੁਸ ਨੇ ਕੁਰਿੰਥੁਸ ਦੇ ਕੁਝ ਲੋਕਾਂ ਨੂੰ ਉਸ ਦੇ ਆਪਣੇ ਹੱਥਾਂ ਨਾਲ ਬਪਤਿਸਮਾ ਦਿੱਤਾ ਸੀ ਉਹ ਇਹ ਸੀ ਕਿ ਪ੍ਰਭੂ ਨੇ ਉਸ ਨੂੰ **ਖੁਸ਼ ਖਬਰੀ ਸੁਣਾਉਣ ਦੇ ਲਈ** ਘੱਲਿਆ ਸੀ। ਪੌਲੁਸ ਦੇ ਪਰਚਾਰ ਦਾ ਤਰੀਕਾ ਅਤੇ ਉਹ ਗੱਲਾਂ ਜਿਨ੍ਹਾਂ ਦਾ ਉਸ ਨੇ ਪਰਚਾਰ ਕੀਤਾ ਦੋਵੇਂ ਹੀ ਪ੍ਰਭੂ ਦੇ ਪਰਗਟ ਹੋਣ ਤੇ ਅਧਾਰਿਤ ਸਨ। ਮਸੀਹ ਦੇ ਰਸੂਲ ਦਾ ਇਖ਼ਤਿਆਰ ਉਸ ਦੇ ਵਿੱਚ ਸੁਰੱਖਿਅਤ ਸੀ ਜੋ ਪੌਲੁਸ ਨੇ ਕੁਰਿੰਥੁਸ ਵਿੱਚ ਸਿਖਾਇਆ ਸੀ। ਬਪਤਿਸਮਾ ਮਸੀਹ ਦਾ ਸਰੀਰਕ ਤੌਰ ਤੇ ਇਕਰਾਰ ਕਰਨਾ ਹੈ; ਕਿਸੇ ਦੇ ਹੱਥਾਂ ਦੁਆਰਾ ਬਪਤਿਸਮਾ ਦਿੱਤਾ ਜਾਂਦਾ ਹੈ ਉਹ ਉਦਾਸੀਨਤਾ ਦੀ ਗੱਲ ਹੈ। ਪਾਪਾਂ ਦੀ ਮਾਫ਼ੀ ਦੇ ਲਈ ਜਦੋਂ ਇੱਕ ਵਿਅਕਤੀ ਬਪਤਿਸਮਾ ਲੈਂਦਾ ਹੈ ਉਸ ਸਮੇਂ ਪ੍ਰਭੂ ਜੋ ਕਰਦਾ ਹੈ ਉਹ ਸਭ ਤੋਂ ਮਹੱਤਵਪੂਰਣ ਹੈ। ਰਸੂਲ ਦੀਆਂ ਗੱਲਾਂ ਇਸ ਗੱਲ ਦਾ ਜ਼ਰਾ ਵੀ ਸੰਕੇਤ ਨਹੀਂ ਦਿੰਦੀਆਂ ਕਿ ਬਪਤਿਸਮਾ ਇੱਕ ਵਿਕਲਪਕ ਗੱਲ ਹੈ। ਮਸੀਹ ਵਿੱਚ ਬਪਤਿਸਮਾ ਲੈਣਾ ਉਸ ਦੇ ਨਾਲ ਦਫ਼ਨਾਏ ਜਾਣਾ ਅਤੇ ਜਿਵਾਲਿਆ ਜਾਣਾ ਹੈ (ਰੋਮੀਆਂ 6:4; ਕੁਲੁੱਸੀਆਂ 2:12)। ਬਪਤਿਸਮੇ ਵਿੱਚ ਮਸੀਹੀ ਲੋਕ ਲੇਲੇ ਦੇ ਛੁਟਕਾਰਾ ਦੇਣ ਵਾਲੇ ਲਹੂ ਵਿੱਚ ਨਿਹਚਾ ਕਰਨ ਦੇ ਦੁਆਰਾ ਧੋਤੇ ਅਤੇ ਪਵਿੱਤਰ ਕੀਤੇ ਜਾਂਦੇ ਹਨ (1 ਕੁਰਿੰਥੀਆਂ 6:11)।

ਪੌਲੁਸ ਨੇ ਉਸ ਦੀ ਆਪਣੇ ਪਰਚਾਰ ਦੀ ਤੁਲਨਾ ਉਸ ਕਿਸਮ ਦੇ ਗਿਆਨ ਨਾਲ ਕੀਤੀ ਸੀ ਜਿਸ ਨੇ **ਮਸੀਹ ਦੀ ਸਲੀਬ** ਨੂੰ ਅਵਿਰਥੀ ਕੀਤਾ ਸੀ, ਉਸ ਨੇ ਇਹ ਸਪੱਸ਼ਟ ਕੀਤਾ ਸੀ ਕਿ ਕਲੀਸੀਆ ਵਿੱਚ ਫੁੱਟਾਂ ਦਾ ਸੰਬੰਧ ਉਸ ਮਹੱਤਵ ਨਾਲ ਸੀ ਜੋ ਕੁਰਿੰਥੁਸ ਦੇ ਮਸੀਹੀ ਲੋਕ ਸੱਭਿਆਚਾਰਕ ਤੌਰ ਤੇ ਗਿਆਨ ਨੂੰ ਦਿੰਦੇ ਸਨ। ਰਸੂਲ ਦਾ ਪਰਚਾਰ ਉਸ ਕਿਸਮ ਦਾ ਨਹੀਂ ਸੀ ਜੋ ਬਹੁਤ ਸਾਰੇ ਫਿਰਤੂ ਉਪਦੇਸ਼ਕਾਂ ਦਾ ਵਰਣਨ ਕਰਦਾ ਸੀ ਜਿਹੜੇ ਕੁਰਿੰਥੁਸ ਵਿੱਚ ਅਤੇ ਉਸ ਸਮੇਂ ਦੇ ਹੋਰਨਾਂ ਯੂਨਾਨੀ ਸ਼ਹਿਰਾਂ ਵਿੱਚ ਆਏ ਸਨ। ਉਸ ਨੇ ਆਪਣੀ ਸਿੱਖਿਆ ਅਤੇ ਭਾਸ਼ਣ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਉਸ ਦਾ ਸੰਦੇਸ਼ ਰੱਬੀ ਸੀ। ਮਨੁੱਖੀ ਜਤਨ ਤੇ ਨਿਰਭਰ ਕਰਨਾ ਮਸੀਹ ਦੀ ਸਲੀਬ ਨੂੰ ਅਵਿਰਥਾ ਕਰਨਾ ਹੋਵੇਗਾ। ਪੌਲੁਸ ਨੇ ਮਸੀਹ ਨੂੰ ਪਰਸੰਨ ਕਰਨਾ ਭਾਲਿਆ, ਨਾ ਸਿਰਫ ਉਨ੍ਹਾਂ ਗੱਲਾਂ ਵਿੱਚ ਜਿਨ੍ਹਾਂ ਦਾ ਉਸ ਨੇ ਪਰਚਾਰ ਕੀਤਾ ਸੀ, ਪਰ ਉਸ ਤਰੀਕੇ ਵਿੱਚ ਵੀ ਜਿਸ ਦੇ ਨਾਲ ਉਸ ਨੇ ਪਰਚਾਰ ਕੀਤਾ ਸੀ।

ਪਹਿਲਾਂ ਤੋਂ ਹੀ, ਪੌਲੁਸ ਨੇ ਕੁਰਿੰਥੀਆਂ ਨੂੰ ਭਰੋਸਾ ਦਿਵਾਇਆ ਸੀ ਕਿ ਵਾਕ ਅਤੇ ਸਰਬ ਗਿਆਨ ਵਿੱਚ ਉਹ ਮਸੀਹ ਵਿੱਚ ਧਨੀ ਕੀਤੇ ਗਏ ਸਨ (1:5); ਪਰ ਕੁਝ ਵਿਸ਼ਵਾਸੀ ਹੋਰ ਜ਼ਿਆਦਾ ਦੀ ਤਲਾਸ਼ ਵਿੱਚ ਸਨ। ਕੁਰਿੰਥੁਸ ਵਿੱਚ ਮੂਲ ਵਸਤੂ ਉਸ ਅਲੰਕਾਰਕ ਅਤੇ

ਫ਼ਲਸਫ਼ੇ ਨਾਲ ਜੋ ਯੂਨਾਨੀ-ਰੋਮੀ ਸੰਸਾਰ ਵਿੱਚ ਸਿੱਖਿਆ ਵਿੱਚੋਂ ਗੁਜਰਦਾ ਸੀ ਮੋਹਿਤ ਹੋ ਚੁੱਕੀ ਸੀ (3:18-20)। ਰਸੂਲ ਉਸ ਸਮੇਂ ਦੇ ਅਲੰਕਾਰਕ ਆਦਰਸ਼ਾਂ ਨੂੰ ਜਾਣਦਾ ਸੀ, ਪਰ ਉਹ **ਬੋਲਣ ਦੀ ਚਤੁਰਾਈ ਨਾਲ** ਨਹੀਂ ਸੀ [ਆਇਆ]। ਨਾ ਹੀ ਉਹ ਜੋ ਉਸ ਨੇ ਉਨ੍ਹਾਂ ਨੂੰ ਬੋਲਿਆ ਸੀ ਅਤੇ ਨਾ ਹੀ ਉਹ ਜੋ ਉਹ ਉਨ੍ਹਾਂ ਨੂੰ ਲਿਖ ਰਿਹਾ ਸੀ ਇਸ ਦੇ ਪ੍ਰਭਾਵ ਲਈ ਜਾਂਚਿਆ ਗਿਆ ਸੀ। ਕਲੀਸੀਆ ਦਾ ਜਨਤਕ ਰੂਪ ਕਲੀਸੀਆ ਜੋ ਅਸਲ ਵਿੱਚ ਸੀ ਉਸ ਨਾਲੋਂ ਘੱਟ ਫਿਕਰ ਵਾਲਾ ਸੀ। ਪੱਤ੍ਰੀਆਂ ਨੂੰ ਲਿਖਣ ਵਾਲੇ ਦੇ ਰੂਪ ਵਿੱਚ ਪੌਲੁਸ ਦਾ ਰੁਤਬਾ ਉੱਨਾ ਮਹੱਤਵਪੂਰਣ ਨਹੀਂ ਸੀ ਜਿੰਨਾ ਕਿ "ਮਸੀਹ ਦੀ ਸਲੀਬ" ਸੀ। ਪੌਲੁਸ ਦੇ ਲਈ, ਚਤੁਰਾਈ ਦਾ ਪਿੱਛਾ ਕਰਨਾ ਪਰਮੇਸ਼ੁਰ ਦੀ ਉਸ ਕਿਰਪਾ ਨੂੰ **ਅਵਿਰਥੀ** ਕਰਨਾ ਸੀ ਜੋ ਉਸ ਨੇ ਸਲੀਬ ਉੱਤੇ ਵਿਖਾਈ ਸੀ।

## ਪਰਮੇਸ਼ੁਰ ਦਾ ਗਿਆਨ (1:18-31)

ਕੁਰਿੰਥੁਸ ਵਿੱਚ ਅਤੇ ਹੋਰ ਯੂਨਾਨੀ ਸ਼ਹਿਰਾਂ ਵਿੱਚ ਧਾਰਮਿਕ ਵਾਤਾਵਰਣ ਨੇ ਆਪਣੇ ਆਪ ਨੂੰ ਚਤੁਰਾਈ ਵਾਲੇ ਬੋਲਚਾਲ ਅਤੇ ਜਟਿਲ ਕਲਪਨਾ ਦੀ ਪ੍ਰਸੰਸਾ ਦੇ ਲਈ ਦੇ ਦਿੱਤਾ। ਪੌਲੁਸ ਦੀਆਂ ਗੱਲਾਂ ਵਿੱਚ ਕੋਈ ਵੀ ਗੱਲ ਅਭਿਮਾਨੀ ਸਿੱਖਿਆ ਦੀ ਵਿਸ਼ੇਸ਼ ਪ੍ਰਕਾਰ ਵੱਲ ਇਸ਼ਾਰਾ ਨਹੀਂ ਸੀ ਕਰਦੀ। ਕਲੀਸੀਆ ਵਿੱਚ ਫੁੱਟ ਪਾਉਣ ਵਾਲਾ ਆਤਮਾ ਤਰਜੀਹਾਂ ਅਤੇ ਵਫ਼ਾਦਾਰੀਆਂ ਦਾ ਨਤੀਜਾ ਸਨ ਜੋ ਕੁਝ ਮਸੀਹੀ ਲੋਕਾਂ ਦੇ ਮਾਣ ਦਾ ਸਮਰਥਨ ਕਰਦੀਆਂ ਸਨ ਜਿਨ੍ਹਾਂ ਨੇ ਦੂਜਿਆਂ ਤੇ ਹਾਵੀ ਹੋਣ ਦੀ ਜ਼ਿੰਮੇਵਾਰੀ ਲਈ ਸੀ। ਕਲੀਸੀਆ ਸ਼ਕਤੀ ਅਤੇ ਪ੍ਰਭਾਵ ਦੇ ਲਈ ਸੰਸਾਰਕ ਮਾਪਦੰਡਾਂ ਨੂੰ ਅਪਨਾ ਰਹੀ ਸੀ। ਆਪਣੀ ਨਿਰਾਸ਼ਾ ਨਾਲ ਜੱਦੋ-ਜਹਿਦ ਕਰਦਿਆਂ, ਪੌਲੁਸ ਨੇ ਆਪਣੇ ਪਾਠਕਾਂ ਨੂੰ ਇਹ ਯਕੀਨ ਦਿਵਾਉਣਾ ਸ਼ੁਰੂ ਕੀਤਾ ਕਿ ਉਹ ਸ਼ਕਤੀ ਅਤੇ ਗਿਆਨ ਜਿਸ ਨੂੰ ਸੰਸਾਰ ਦੁਆਰਾ ਪਰਿਭਾਸ਼ਿਤ ਕੀਤਾ ਜਾਂਦਾ ਹੈ ਉਨ੍ਹਾਂ ਦਾ ਉਨ੍ਹਾਂ ਲੋਕਾਂ ਦੇ ਸਮਾਜਕ ਜੀਵਨ ਵਿੱਚ ਕੋਈ ਯੋਗਦਾਨ ਨਹੀਂ ਹੈ ਜਿਹੜੇ ਯਿਸੂ ਦੇ ਮਸੀਹ ਹੋਣ ਦਾ ਇਕਰਾਰ ਕਰਦੇ ਹਨ। ਪ੍ਰਭੂ ਜਿਸ ਦੀ ਉਹ ਸੇਵਾ ਕਰਦੇ ਸਨ ਉਸ ਨੂੰ ਸਲੀਬ ਦਿੱਤਾ ਗਿਆ ਸੀ। ਪਰਮੇਸ਼ੁਰ ਨੇ ਸੰਸਾਰ ਦੀਆਂ ਤੁੱਛ ਚੀਜ਼ਾਂ ਨੂੰ ਚੁਣਿਆ ਸੀ। ਕੁਰਿੰਥੁਸ ਦੇ ਮਸੀਹੀ ਲੋਕਾਂ ਦੀ ਸਮੱਸਿਆ ਉਨ੍ਹਾਂ ਦਾ ਸੁਭਾਉ ਸੀ; ਉਨ੍ਹਾਂ ਦੇ ਵਿਹਾਰ ਨੂੰ ਇਸ ਹੱਦ ਤੱਕ ਬਦਲਣ ਦੀ ਲੋੜ ਸੀ ਜਿਸ ਹੱਦ ਤੱਕ ਉਹ ਮਸੀਹ ਦੇ ਆਤਮਾ ਨੂੰ ਪਾਉਣ ਵਿੱਚ ਸਮਰੱਥ ਹੋ ਸਕਣ।

### ਸਲੀਬ ਦੇ ਸੰਦੇਸ਼ ਦੀ "ਮੂਰਖਤਾ" (1:18-25)

**18ਸਲੀਬ ਦੀ ਕਥਾ ਤਾਂ ਉਨ੍ਹਾਂ ਦੇ ਭਾਣੇ ਜਿਹੜੇ ਨਾਸ ਹੋ ਰਹੇ ਹਨ ਮੂਰਖਤਾਈ ਹੈ ਪਰੰਤੂ ਸਾਡੇ ਭਾਣੇ ਜਿਹੜੇ ਬਚਾਏ ਜਾਂਦੇ ਹਾਂ ਉਹ ਪਰਮੇਸ਼ੁਰ ਦੀ ਸ਼ਕਤੀ ਹੈ। 19ਕਿਉਂ ਜੋ ਲਿਖਿਆ ਹੋਇਆ ਹੈ,**

**ਮੈਂ ਬੁੱਧਵਾਨਾਂ ਦੀ ਬੁੱਧ ਦਾ ਨਾਸ ਕਰਾਂਗਾ,**
**ਅਤੇ ਚਤਰਿਆਂ ਦੀ ਚਤਰਾਈ ਨੂੰ ਰੱਦ ਕਰਾਂਗਾ।**

**20ਕਿੱਥੇ ਬੁੱਧਵਾਨ" ਕਿੱਥੇ ਗ੍ਰੰਥੀ? ਕਿੱਥੇ ਇਸ ਜੁੱਗ ਦਾ ਵਿਵਾਦੀ? ਕੀ ਪਰਮੇਸ਼ੁਰ ਨੇ ਸੰਸਾਰ ਦੀ ਬੁੱਧ ਨੂੰ ਮੂਰਖਤਾਈ ਨਹੀਂ ਠਹਿਰਾਇਆ? 21ਇਸ ਲਈ ਕਿ ਜਦੋਂ ਪਰਮੇਸ਼ੁਰ ਦੇ ਗਿਆਨ ਤੋਂ ਐਉਂ ਹੋਇਆ ਭਈ ਸੰਸਾਰ ਨੇ ਆਪਣੀ ਬੁੱਧ ਦੇ ਰਾਹੀਂ ਪਰਮੇਸ਼ੁਰ ਨੂੰ ਨਾ**

**ਜਾਣਿਆ ਤਦ ਪਰਮੇਸ਼ੁਰ ਨੂੰ ਇਹ ਭਾਇਆ ਜੋ ਪਰਚਾਰ ਦੀ ਮੂਰਖਤਾਈ ਨਾਲ ਨਿਹਚਾਵਾਨਾਂ ਨੂੰ ਬਚਾਵੇ। [22]ਯਹੂਦੀ ਤਾਂ ਨਿਸ਼ਾਨੀਆਂ ਮੰਗਦੇ ਅਤੇ ਯੂਨਾਨੀ ਬੁੱਧ ਭਾਲਦੇ ਹਨ। [23]ਪਰ ਅਸੀਂ ਸਲੀਬ ਦਿੱਤੇ ਹੋਏ ਮਸੀਹ ਦਾ ਪਰਚਾਰ ਕਰਦੇ ਹਾਂ। ਉਹ ਯਹੂਦੀਆਂ ਦੇ ਲੇਖੇ ਠੋਕਰ ਦਾ ਕਾਰਨ ਅਤੇ ਪਰਾਈਆਂ ਕੌਮਾਂ ਦੇ ਲੇਖੇ ਮੂਰਖਤਾਈ ਹੈ। [24]ਪਰ ਉਨ੍ਹਾਂ ਦੇ ਲੇਖੇ ਜਿਹੜੇ ਸੱਦੇ ਹੋਏ ਹਨ ਭਾਵੇਂ ਯਹੂਦੀ ਭਾਵੇਂ ਯੂਨਾਨੀ ਮਸੀਹ ਪਰਮੇਸ਼ੁਰ ਦੀ ਸ਼ਕਤੀ ਅਤੇ ਪਰਮੇਸ਼ੁਰ ਦਾ ਗਿਆਨ ਹੈ। [25]ਕਿਉਂ ਜੋ ਪਰਮੇਸ਼ੁਰ ਦੀ ਮੂਰਖਤਾਈ ਮਨੁੱਖਾਂ ਦੇ ਗਿਆਨ ਨਾਲੋਂ ਗਿਆਨਵਾਨ ਹੈ ਅਤੇ ਪਰਮੇਸ਼ੁਰ ਦੀ ਨਿਰਬਲਤਾਈ ਮਨੁੱਖਾਂ ਦੇ ਬਲ ਨਾਲੋਂ ਬਲਵੰਤਤਾ ਹੈ।**

**ਆਇਤ 18.** ਪੌਲੁਸ ਨੇ ਦੋ ਸਮੂਹਾਂ ਦੀ ਤੁਲਨਾ ਕੀਤੀ: **ਜਿਹੜੇ ਨਾਸ ਹੋ ਰਹੇ ਹਨ** ਅਤੇ **ਸਾਡੇ ਭਾਣੇ ਜਿਹੜੇ ਬਚਾਏ ਜਾਂਦੇ ਹਾਂ**। ਉਸ ਨੇ ਇਸ ਚੱਲ ਰਹੀ ਪ੍ਰਕਿਰਿਆ ਵੱਲ ਧਿਆਨ ਖਿੱਚਣ ਦੇ ਲਈ ਵਰਤਮਾਨ ਕਾਲ ਦੀ ਵਰਤੋਂ ਕੀਤੀ ਸੀ। ਉਸ ਦੀ ਤੁਲਨਾ ਬਚਾਏ ਗਏ ਅਤੇ ਨਾਸ ਹੋ ਰਹੇ ਲੋਕਾਂ ਵਿਚਕਾਰ ਨਹੀਂ ਸੀ, ਪਰ ਉਨ੍ਹਾਂ ਲੋਕਾਂ ਵਿਚਕਾਰ ਸੀ ਜਿਹੜੇ ਨਾਸ ਹੋ ਰਹੇ ਹਨ ਅਤੇ ਜਿਹੜੇ ਬਚਾਏ ਜਾ ਰਹੇ ਹਨ। ਪੌਲੁਸ ਦੇ ਲਈ, ਮਸੀਹ ਵਿੱਚ ਹੋਣਾ "ਸਭਨਾਂ ਦੇ ਲਈ ਇੱਕੋ ਵਾਰ" ਵਾਲਾ ਪਲ ਨਹੀਂ ਸੀ; ਇਹ ਇੱਕ ਭੇਤ ਖੁੱਲ੍ਹਣ ਵਾਲਾ ਡਰਾਮਾ ਸੀ ਜੋ ਸੰਸਾਰ ਵਿੱਚ ਜੀ ਕੇ ਕੀਤਾ ਜਾਂਦਾ ਹੈ ਜਿਸ ਦੇ ਵਿੱਚ ਇੱਕ ਪਲ ਦਾ ਫ਼ੈਸਲੇ ਤੋਂ ਬਾਅਦ ਅਗਲੇ ਪਲ ਦਾ ਫ਼ੈਸਲਾ ਹੈ।

"ਜਿਹੜੇ ਨਾਸ ਹੋ ਰਹੇ ਹਨ" ਉਨ੍ਹਾਂ ਦੇ ਭਾਣੇ ਸਲੀਬ ਦਿੱਤੇ ਗਏ ਮੁਕਤੀਦਾਤਾ ਦੀ ਕਥਾ **ਮੂਰਖਤਾਈ** ਹੈ। ਸਲੀਬ ਦਾ ਸੰਦੇਸ਼ ਮਨੁੱਖ ਦੀਆਂ ਨਜ਼ਰਾਂ ਵਿੱਚ ਮੂਰਖਤਾਈ ਅਤੇ ਇੱਕ ਰੁਕਾਵਟ ਹੈ। ਮੂਰਖਤਾਈ ਉਸ ਵਿੱਚ ਹੈ ਜਿਸ ਨੂੰ ਸੰਸਾਰ ਚਤਰਾਈ ਸਮਝਦਾ ਹੈ: ਸਿਰਫ ਮਨੁੱਖਾਂ ਦੇ ਲਈ, ਇੱਕ ਸੰਦੇਸ਼ ਦੇ ਬਾਰੇ ਜੋ ਕਿ ਇੱਕ ਸਲੀਬ ਦਿੱਤੇ ਗਏ ਅਪਰਾਧੀ ਨਾਲ ਸੰਬੰਧਿਤ ਹੈ ਕੁਝ ਵੀ ਚਤੁਰਾਈ ਵਾਲਾ ਜਾਂ ਦਾਰਸ਼ਨਿਕ ਪ੍ਰਤੀਤ ਨਹੀਂ ਹੁੰਦਾ।[6] ਮਸੀਹੀ ਇਕਰਾਰ ਦੀ ਸ਼ੁਰੂਆਤੀ ਗੱਲ (15:3) ਨੇ ਬੁੱਧਵਾਨ ਮਨੁੱਖ ਦੀ ਜਟਿਲ ਸਿੱਖਿਆ ਦੇ ਵਿਚਾਰ ਦਾ ਤਿੱਖੇ ਰੂਪ ਵਿੱਚ ਖੰਡਨ ਕੀਤਾ ਸੀ।

"ਜਿਹੜੇ ਬਚਾਏ ਜਾਂਦੇ ਹਨ" ਦਾ ਨਿਸ਼ਾਨ ਇਹ ਵਿਸ਼ਵਾਸ ਹੈ ਕਿ ਸਲੀਬ ਦਾ ਤਮਾਸ਼ਾ ਪਰਮੇਸ਼ੁਰ ਦੀ **ਸ਼ਕਤੀ** ਨੂੰ ਪਰਗਟ ਕਰਦਾ ਹੈ। ਸ਼ਕਤੀ ਦੇ ਵਿਚਾਰ, ਚਤੁਰਾਈ ਅਤੇ ਸੰਸਾਰ ਦਾ ਗਿਆਨ ਨਸ਼ਟ ਹੋ ਗਿਆ ਜਦੋਂ ਪਰਮੇਸ਼ੁਰ ਨੇ ਯਿਸੂ ਨਾਸਰੀ ਨੂੰ ਸਲੀਬ ਤੇ ਆਪਣੀ ਜਾਨ ਦੇਣ ਦੇ ਲਈ ਭੇਜਣ ਦੁਆਰਾ ਮਨੁੱਖੀ ਪਰਿਵਾਰ ਨੂੰ ਛੁਡਾ ਲਿਆ। ਮਸੀਹੀ ਸਮਾਜ ਸਲੀਬ ਦੁਆਰਾ ਬਣਿਆ ਹੈ। ਰਸੂਲ ਬਹੁਤ ਹੀ ਉਤਾਵਲਾ ਸੀ ਕਿ ਉਸ ਦੇ ਪਾਠਕ ਇਸ ਗੱਲ ਨੂੰ ਸਮਝਣ। ਫੁੱਟ ਪਾਉਣ ਵਾਲਾ ਵਿਹਾਰ ਮਨੁੱਖੀ ਵਫ਼ਾਦਾਰੀਆਂ ਅਤੇ ਮੁਕਾਬਲੇ ਤੇ ਉਸਰਿਆ ਹੋਇਆ ਸੀ ਕਿਉਂਕਿ ਸ਼ਾਨੋ-ਸ਼ੌਕਤ ਨੇ ਸਲੀਬ ਨੂੰ ਸਮਝਣ ਦੇ ਲਈ ਕੁਰਿੰਥੀਆਂ ਦੀ ਅਸਫ਼ਲਤਾ ਨੂੰ ਪ੍ਰਦਰਸ਼ਿਤ ਕੀਤਾ। ਉਹ ਵਿਡੰਬਣਾ ਨੂੰ ਵੇਖਣ ਵਿੱਚ ਕਿਵੇਂ ਅਸਫ਼ਲ ਹੋ ਸਕਦੇ ਸਨ? ਰਸੂਲ ਨੂੰ ਉਸ ਕਿਸਮ ਦੇ ਲੋਕਾਂ ਦੀ ਵਿਖਾਖਿਆ ਕਰਨ ਦੀ ਕੋਈ ਲੋੜ ਨਹੀਂ ਸੀ ਜਿਹੜੇ ਸਲੀਬ ਉੱਤੇ ਮਰੇ ਸਨ। ਬੇਬੱਸ ਲੋਕ, ਸਮਾਜ ਵਿੱਚੋਂ ਕੱਢੇ ਹੋਏ ਲੋਕ, ਦੁਸ਼ਟ ਲੋਕ ਸਲੀਬ ਦਿੱਤੇ ਗਏ ਸਨ – ਨਾ ਹੀ ਰਾਜ ਕੁਮਾਰ, ਨਾ ਹੀ ਰਾਜੇ, ਨਾ ਹੀ ਮੁਕਤੀਦਾਤੇ। ਫਿਰ ਵੀ, ਉਨ੍ਹਾਂ ਦੇ ਲਈ ਪਰਮੇਸ਼ੁਰ ਦੀ ਸ਼ਕਤੀ "ਸਾਡੇ ਲਈ ਜਿਹੜੇ ਬਚਾਏ ਜਾਂਦੇ ਹਾਂ" ਸਲੀਬ

ਵਿੱਚ ਹੈ।

**ਆਇਤ 19.** ਸਲੀਬ ਨੇ ਸੰਸਾਰ ਨੂੰ ਇੱਕ ਸੰਪੂਰਣ ਨਵਾਂਪਣ ਦਿੱਤਾ ਹੈ ਅਤੇ ਮਨੁੱਖੀ ਸ਼ਕਤੀ ਅਤੇ ਰਾਜ ਦੇ ਹਰ ਮਾਪਦੰਡ ਨੂੰ ਚੁਣੌਤੀ ਦੇ ਰਹੀ ਹੈ। ਯਹੂਦੀ ਸ਼ਾਸਤਰ ਦੇ ਸਮਝਦਾਰ ਪਾਠਕ ਸਲੀਬ ਨੂੰ ਇੱਕ ਵਿਸ਼ੇ ਦੇ ਜਾਰੀ ਰਹਿਣ ਵਜੋਂ ਪਛਾਣ ਸਕਦੇ ਸਨ ਜਿਹੜਾ ਪਰਮੇਸ਼ੁਰ ਦੇ ਪਰਕਾਸ਼ ਤੋਂ ਕਦੀ ਨਹੀਂ ਸੀ ਭਟਕਿਆ। ਪ੍ਰਾਚੀਨ ਲੋਕਾਂ ਦੀ ਕਹਾਣੀ ਜਿਹੜੇ ਸ਼ਿਨਾਰ ਦੇ ਮੈਦਾਨੀ ਇਲਾਕੇ ਵਿੱਚ ਰਹਿੰਦੇ ਸਨ ਉਨ੍ਹਾਂ ਦਾ ਪ੍ਰਤੀਕ ਸੀ ਜਿਹੜੇ ਨਾਸ ਹੋ ਰਹੇ ਹਨ (ਉਤਪਤ 11:1-9)। ਮਨੁੱਖਾਂ ਨੇ ਸਦਾ ਦੇ ਲਈ ਉਨ੍ਹਾਂ ਦੇ ਬੁਰਜ ਉਸਾਰੇ ਸਨ ਅਤੇ ਪਰਮੇਸ਼ੁਰ ਸਦਾ ਦੇ ਲਈ ਉਨ੍ਹਾਂ ਦੀਆਂ ਬੋਲੀ ਵਿੱਚ ਉਲਝਣ ਪਾਉਣ ਦੇ ਲਈ ਹੇਠਾਂ ਉੱਤਰਿਆ ਸੀ। ਹੰਨਾਹ (1 ਸਮੂਏਲ 2:1-10) ਤੋਂ ਲੈ ਮਰੀਅਮ (ਲੂਕਾ 1:46-55) ਤੱਕ ਪਰਮੇਸ਼ੁਰ ਜ਼ਰੂਰਤਮੰਦ ਲੋਕਾਂ ਨੂੰ ਖਾਕ ਦੇ ਢੇਰ ਤੋਂ ਚੁੱਕ ਰਿਹਾ ਸੀ। ਉਹ ਕੁਝ ਵੀ ਨਵਾਂ ਨਹੀਂ ਸੀ ਦੱਸ ਰਿਹਾ ਜਦੋਂ ਉਸ ਨੇ ਯਸਾਯਾਹ ਦੇ ਰਾਹੀ ਇਹ ਆਖਿਆ, **ਬੁੱਧੀਵਾਨਾਂ ਦੀ ਬੁੱਧ ਨਾਸ ਹੋ ਜਾਵੇਗੀ** (ਵੇਖੋ ਯਸਾਯਾਹ 29:14)।[7] ਪੌਲੁਸ ਨੇ ਕਿਹਾ ਸੀ ਕਿ ਕੁਰਿੰਥੁਸ ਦੇ ਮਸੀਹੀ ਲੋਕ ਸਲੀਬ ਨੂੰ ਅਤੇ ਪਰਮੇਸ਼ੁਰ ਦੇ ਪਰਕਾਸ਼ ਨੂੰ ਦੇਖਣ ਦੇ ਲਈ ਵਧੀਆ ਕਰਨਗੇ ਕਿਉਂਕਿ ਉਨ੍ਹਾਂ ਦੀ ਉਨ੍ਹਾਂ ਦੇ ਆਲੋਚਨਾਤਮਕ ਲੇਖ ਚਤੁਰਾਈ ਵਾਲੇ ਵਾਕ ਅਤੇ ਜਟਿਲ ਸਿੱਖਿਆ ਨਾਲ ਮਗਨ ਸਨ।

**ਆਇਤ 20.** ਸਵਾਲ ਜਿਹੜੇ ਪੌਲੁਸ ਨੇ ਪੁੱਛੇ ਸਨ ਉਨ੍ਹਾਂ ਦਾ ਅਰਥ ਇਹ ਸੀ ਕਿ ਕੁਰਿੰਥੁਸ ਵਿੱਚ ਜਿਹੜੇ ਵਿਸ਼ਵਾਸੀ ਸਨ ਉਨ੍ਹਾਂ ਵਿੱਚ ਇਹੋ ਜਿਹਾ ਕੋਈ ਵੀ ਸ਼ਾਮਲ ਨਹੀਂ ਸੀ ਜਿਸ ਦੀ ਸਿੱਖਿਆ ਕਰਕੇ ਸੰਸਾਰ ਦੁਆਰਾ ਪ੍ਰਸ਼ੰਸਾ ਕੀਤੀ ਗਈ ਹੋਵੇ। **ਕਿੱਥੇ ਬੁੱਧਵਾਨ**? ਸਵਾਲ ਉਨ੍ਹਾਂ ਨੂੰ ਆਦਰਪੂਰਨ ਢੰਗ ਨਾਲ ਇਹ ਚੇਤੇ ਕਰਾਉਣਾ ਸੀ ਕਿ ਸੰਸਾਰ ਦੀ ਬੁੱਧ ਉਨ੍ਹਾਂ ਦੀ ਮੁਕਤੀ ਦਾ ਸ੍ਰੋਤ ਨਹੀਂ ਸੀ। ਰਸੂਲ ਨੇ ਪੂਰਨ ਭਾਵ ਵਿੱਚ ਬੁੱਧ ਨੂੰ ਨਹੀਂ ਸੀ ਠੁਕਰਾਇਆ। ਬਲਕਿ, ਉਸ ਨੇ ਇਸ ਗੱਲ ਦਾ ਸਮਰਥਨ ਕੀਤਾ ਕਿ ਪਰਮੇਸ਼ੁਰ ਦੁਆਰਾ ਦਿੱਤੀ ਜਾਣ ਵਾਲੀ ਬੁੱਧ ਸੰਸਾਰ ਦੀ ਬੁੱਧ ਨਾਲੋਂ ਵੱਖਰੀ ਹੈ (2:6)। ਯਿਸੂ ਨੇ ਵੀ ਇਹੀ ਗੱਲ ਕਹੀ ਸੀ: "ਉਸੇ ਘੜੀ ਉਹ ਪਵਿੱਤ੍ਰ ਆਤਮਾ ਵਿੱਚ ਬਹੁਤ ਮਗਨ ਹੋ ਕੇ ਬੋਲਿਆ, ਹੇ ਪਿਤਾ, ਅਕਾਸ਼ ਅਤੇ ਧਰਤੀ ਦੇ ਮਾਲਕ, ਮੈਂ ਤੇਰਾ ਧੰਨਵਾਦ ਕਰਦਾ ਹਾਂ ਜੋ ਤੈਂ ਇਨ੍ਹਾਂ ਗੱਲਾਂ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਤੋਂ ਲੁਕਾਇਆ ਅਰ ਉਨ੍ਹਾਂ ਨੂੰ ਇਆਣਿਆਂ ਉੱਤੇ ਪਰਗਟ ਕੀਤਾ। ਹਾਂ, ਪਿਤਾ, ਕਿਉਂ ਜੋ ਇਹੋ ਤੈਨੂੰ ਚੰਗਾ ਲੱਗਾ" (ਲੂਕਾ 10:21)।

ਚਤੁਰਾਈ ਨਾਲ ਇਸ ਮਾਮਲੇ ਤੇ ਬਹਿਸ ਕਰਨਾ, ਭਾਵੇਂ ਉਹ ਮੌਖਿਕ ਤੌਰ ਤੇ ਜਾਂ ਲਿਖਤ ਵਿੱਚ ਹੋਵੇ, ਯੂਨਾਨੀਆਂ ਅਤੇ ਰੋਮੀਆਂ ਦੇ ਲਈ ਬੁੱਧ ਅਤੇ ਸਿੱਖਿਆ ਦਾ ਪ੍ਰਤੀਕ ਸੀ। ਪੌਲੁਸ ਚਾਹੁੰਦਾ ਸੀ ਕਿ ਕੁਰਿੰਥੁਸ ਵਿੱਚ ਜਿਹੜੀ ਮੰਡਲੀ ਹੈ ਉਹ ਆਪਣੇ ਆਲੇ-ਦੁਆਲੇ ਦੀ ਗਿਣਤੀ ਨੂੰ ਵੇਖੇ ਅਤੇ ਪੁੱਛੇ, **ਕਿੱਥੇ ਗ੍ਰੰਥੀ**? **ਕਿੱਥੇ ਇਸ ਜੁੱਗ ਦਾ ਵਿਵਾਦੀ**? ਸੰਸਾਰ ਦੇ ਚਤੁਰ ਲੋਕਾਂ ਦੇ ਕੋਲ ਮਸੀਹ ਦੇ ਲਈ ਸਮਾਂ ਨਹੀਂ ਸੀ। ਕੁਰਿੰਥੀਆਂ ਦੇ ਲਈ ਪੌਲੁਸ ਦਾ ਸਵਾਲ ਇਹ ਸੀ: "ਸੰਸਾਰ ਦੀ ਮਿਲਾਵਟ ਦੇ ਲਈ ਤੁਹਾਡੀ ਇਸ ਪ੍ਰਸ਼ੰਸਾ ਦਾ ਸ੍ਰੋਤ ਕੀ ਹੈ?" ਜਦੋਂ ਪਰਮੇਸ਼ੁਰ ਨੇ ਮਸੀਹੀ ਲੋਕਾਂ ਨੂੰ ਆਪਣੀਆਂ ਬਰਕਤਾਂ ਦਿੱਤੀਆਂ, ਉਸ ਨੇ **ਸੰਸਾਰ ਦੀ ਬੁੱਧ ਨੂੰ ਮੂਰਖਤਾਈ ਠਹਿਰਾਇਆ**।

ਸੰਭਵ ਤੌਰ ਤੇ ਪੌਲੁਸ ਦੇ ਮਨ ਵਿੱਚ ਲੋਕਾਂ ਦੀਆਂ ਵਿਸ਼ੇਸ਼ ਸ਼ਰੇਣੀਆਂ ਨਹੀਂ ਸਨ: ਕੁਝ "ਬੁੱਧਵਾਨ," ਕੁਝ "ਗ੍ਰੰਥੀ" ਅਤੇ ਕੁਝ "ਵਿਵਾਦੀ।" ਆਇਤ 20 ਸ਼ਾਇਦ ਉਸ ਦੇ ਸ਼ਬਦਾਂ ਦਾ

ਅਰਥ ਉਸ ਤਰ੍ਹਾਂ ਦੀਆਂ ਗੱਲਾਂ ਦੇ ਲਈ ਆਮ ਅਹੁਦੇ ਵਜੋਂ ਸੀ ਜੋ ਅਕਸਰ ਸੰਸਾਰ ਦੇ ਮੁੱਲਾਂ ਅਤੇ ਆਦਰਸ਼ਾਂ ਨਾਲ ਚੱਲਦੀਆਂ ਹਨ। ਸ਼ਾਇਦ ਉਹ ਤਰਸੁਸ ਅਤੇ ਯਰੂਸ਼ਲਮ ਵਿੱਚ ਪ੍ਰਾਪਤ ਕੀਤੀ ਗਈ ਉਸ ਦੀ ਆਪਣੀ ਪੜ੍ਹਾਈ ਲਿਖਾਈ ਤੇ ਵਿਚਾਰ ਕਰ ਰਿਹਾ ਸੀ। ਸੱਚੀ ਸਿੱਖਿਆ ਮਸੀਹ ਦੇ ਉਦੇਸ਼ ਨੂੰ ਪੂਰਾ ਕਰ ਸਕਦੀ ਹੈ; ਪਰ ਇਸ ਨੇ ਖੁਦ ਦੀ ਸੇਵਾ ਕਰਨ ਦੇ ਗੁਣਾਂ ਨੂੰ ਵਿਕਸਤ ਨਹੀਂ ਕੀਤਾ ਜੋ ਕੁਰਿੰਥੁਸ ਵਿੱਚ ਬੁੱਧ ਦੇ ਲਈ ਸਨ।

**ਆਇਤ 21.** ਜਿੰਨਾ ਛੇਤੀ ਸੰਭਵ ਹੋ ਸਕੇ, ਪੌਲੁਸ ਨੇ ਪੜ੍ਹੇ ਲਿਖੇ ਫਿਲਾਸਫਰਾਂ ਦੀ **ਬੁੱਧ** ਦੀ ਤੁਲਨਾ ਉਸ ਖੁਸ਼ਖ਼ਬਰੀ ਦੀ **ਮੂਰਖਤਾਈ** ਨਾਲ ਕੀਤੀ ਸੀ ਜਿਸ ਦਾ ਪਰਚਾਰ ਮਸੀਹੀ ਲੋਕਾਂ ਨੇ ਉਸ ਨੂੰ ਕਰਦਿਆਂ ਸੁਣਿਆ ਸੀ। ਉਸ ਨੇ ਇਹ ਟਿੱਪਣੀ ਕੀਤੀ ਸੀ ਕਿ ਮਨੁੱਖਜਾਤੀ ਅਰਥਾਤ ਸੰਸਾਰ (κόσμος, *ਕੋਸਮੋਸ*) ਨੇ ਇਸ ਦੇ ਆਪਣੇ ਯੰਤਰ ਛੱਡੇ ਸਨ, ਇਸ ਦੀ ਪਹੁੰਚ ਸਿਰਫ ਸੁਭਾਵਕ ਘਟਨਾ ਵਿੱਚ ਪਰਮੇਸ਼ੁਰ ਦੀ ਚਮਕ ਤੱਕ ਸੀ (ਰੋਮੀਆਂ 1:20)। ਪਾਪ ਨੇ ਉਨ੍ਹਾਂ ਸਾਰੀਆਂ ਅੰਤਰ-ਦ੍ਰਿਸ਼ਟੀਆਂ ਨੂੰ ਦੂਸ਼ਿਤ ਕਰ ਦਿੱਤਾ ਸੀ ਜੋ ਸੰਸਾਰ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਬਾਰੇ ਸਿਖਾਈਆਂ ਸਨ। ਉਨ੍ਹਾਂ ਦੇ ਆਪਣੇ ਦੇਵਤਿਆਂ ਨੂੰ ਭਾਲਣ ਵਾਲੇ ਬਣਨਾ, ਮਨੁੱਖ ਉਨ੍ਹਾਂ ਦੇ ਘਮੰਡ ਅਤੇ ਸੰਸਾਰ ਦੀ ਮੌਜ ਮਸਤੀ ਤੋਂ ਉੱਪਰ ਨਹੀਂ ਸੀ ਉੱਠ ਸਕਦੇ: "ਓਹ ਆਪ ਨੂੰ ਬੁੱਧੀਵਾਨ ਮੰਨ ਕੇ ਮੂਰਖ ਬਣ ਗਏ" (ਰੋਮੀਆਂ 1:22)।

**ਪਰਮੇਸ਼ੁਰ ਨੂੰ ਜਾਣਨ** ਵਿੱਚ ਪਾਪੀ ਮਨੁੱਖਜਾਤੀ ਦੀ ਅਸਫ਼ਲਤਾ ਆਪਣੇ ਆਪ ਵਿੱਚ **ਪਰਮੇਸ਼ੁਰ ਦੇ ਗਿਆਨ** ਦਾ ਇੱਕ ਚਿੰਨ੍ਹ ਸੀ। ਫਿਰ ਵੀ, ਪਰਮੇਸ਼ੁਰ ਨੇ ਘਮੰਡੀ ਅਤੇ ਕਾਮੁਕ ਜਾਤੀ ਵੱਲੋਂ ਆਪਣਾ ਮੂੰਹ ਨਹੀਂ ਸੀ ਮੋੜਿਆ। ਇਸ ਦੇ ਉਲਟ, ਪ੍ਰੇਮ ਦੇ ਉਸ ਨਿਸੁਆਰਥ ਰਹੱਸਮਈ ਕੰਮ ਨੇ ਪਰਮੇਸ਼ੁਰ ਨੂੰ ਉਸ ਦੇ ਆਪਣੇ ਪੁੱਤਰ ਨੂੰ ਉਨ੍ਹਾਂ ਦੀ ਨਿਰਬਲਤਾਈ ਵਿੱਚ ਮਰਨ ਦੇ ਲਈ ਭੇਜਣ ਵਾਸਤੇ ਮਜ਼ਬੂਰ ਕਰ ਦਿੱਤਾ ਸੀ। ਉਸ ਦੇ ਪੁੱਤਰ ਦੀ ਮੌਤ ਵਿੱਚ, ਉਸ ਨੇ ਮੇਲ ਮਿਲਾਪ ਦਾ ਬੂਹਾ ਖੋਲ੍ਹਿਆ ਸੀ। ਜਿਨ੍ਹਾਂ ਨੇ ਨਿਹਚਾ ਕੀਤੀ ਸੀ ਉਹ [ਪੌਲੁਸ] ਦੁਆਰਾ ਕੀਤੇ ਗਏ ਪਰਚਾਰ ਦੇ ਰਾਹੀਂ ਬਚਾਏ ਗਏ ਸਨ, ਫਿਰ ਵੀ ਸੰਸਾਰ ਸਲੀਬ ਦਿੱਤੇ ਪਰਮੇਸ਼ੁਰ ਵਿੱਚ ਬੁੱਧ ਨੂੰ ਨਹੀਂ ਲੱਭ ਸਕਿਆ। ਦੁਨਿਆਵੀ ਬੁੱਧ ਸ਼ੀਸ਼ੇ ਦੀਆਂ ਮੂਰਤਾਂ ਵਿੱਚ ਦੇਵਤਿਆਂ ਨੂੰ ਬਣਾਉਂਦੀ ਹੈ। ਪਰਮੇਸ਼ੁਰ ਦਾ ਗਿਆਨ ਜਿਹੜਾ ਸੱਚਾਈ ਦਾ ਦਾਅਵਾ ਕਰਦਾ ਹੈ ਉਹ ਪਰਮੇਸ਼ੁਰ ਦੇ ਖੁਦ ਦੇ ਪਰਕਾਸ਼ ਦਾ ਨਤੀਜਾ ਹੈ। ਪਰਮੇਸ਼ੁਰ ਨੂੰ ਜਾਣਨਾ ਅਗਵਾਈ ਦੇ ਲਈ ਉਸ ਦੇ ਨਿਰਭਰ ਹੋਣਾ ਅਤੇ ਆਪਣੇ ਵਿਹਾਰ ਨੂੰ ਸਿੱਧਾ ਕਰਨਾ ਹੈ ਤਾਂ ਕਿ ਆਚਰਣ ਅਤੇ ਨੈਤਿਕ ਰਵੱਈਏ ਉਸ ਨਾਲ ਇਕਸਾਰ ਹੋਣ ਜੋ ਪਰਮੇਸ਼ੁਰ ਨੇ ਆਪਣੇ ਆਪ ਨੂੰ ਵਿਖਾਇਆ ਹੈ।

**ਆਇਤ 22.** ਪੌਲੁਸ ਨੇ ਸਲੀਬ ਦਿੱਤੇ ਗਏ ਮੁਕਤੀਦਾਤਾ ਬਾਰੇ ਪਰਚਾਰ ਦੀ ਮੂਰਖਤਾ ਦੇ ਪ੍ਰਤੀ ਮਨੁੱਖਜਾਤੀ ਦੇ ਜਵਾਬ ਨੂੰ ਦੋ ਸ਼ਰੇਣੀਆਂ ਵਿੱਚ ਵੰਡਿਆ: ਯਹੂਦੀ ਅਤੇ ਯੂਨਾਨੀ। ਬੇਸ਼ੱਕ, ਉਸ ਨੇ ਸਾਰਿਆਂ ਨੂੰ ਆਮ ਸ਼ਰੇਣੀ ਵਿੱਚ ਰੱਖਿਆ ਸੀ। ਨਾ ਤਾਂ ਹਰੇਕ ਯਹੂਦੀ ਨਾ ਹੀ ਹਰੇਕ ਯੂਨਾਨੀ ਨੇ ਇੱਕੋ ਤਰੀਕੇ ਨਾਲ ਜਵਾਬ ਦਿੱਤਾ ਸੀ; ਪਰ ਜਦੋਂ ਦੋਵਾਂ ਵਿੱਚ ਇੱਕ ਨਸਲੀ ਸਮੂਹ ਇਸ ਦੀਆਂ ਆਪਣੀਆਂ ਰੀਤਾਂ, ਇਸ ਦੀ ਆਪਣੀ ਪ੍ਰਤਿਭਾ ਤੇ ਨਿਰਭਰ ਹੋਇਆ ਤਾਂ ਇਸ ਨੇ ਪਰਮੇਸ਼ੁਰ ਦੇ ਗਿਆਨ ਨੂੰ ਦੂਰ ਕਰ ਦਿੱਤਾ। **ਯਹੂਦੀ** ਤਾਂ ਅਕਾਸ਼ ਤੋਂ **ਨਿਸ਼ਾਨੀਆਂ ਮੰਗਦੇ** (ਮੰਗੀਆਂ) ਹਨ ਜੋ ਉਸ ਸਚਿਆਈ ਦੀ ਪੁਸ਼ਟੀ ਕਰਨਗੀਆਂ ਜੋ ਉਹ ਸੁਣ ਰਹੇ ਸਨ। ਯਿਸੂ ਨੇ ਉਨ੍ਹਾਂ ਦੇ ਸਵਾਲਾਂ ਦਾ ਸਾਹਮਣਾ ਕੀਤਾ ਸੀ। ਪੌਲੁਸ ਯਿਸੂ ਦੀ ਗਲੀਲੀ ਸੇਵਕਾਈ ਬਾਰੇ ਕਿੰਨਾ ਜਾਣਦਾ ਸੀ ਇੱਕ ਖੁੱਲ੍ਹਾ ਸਵਾਲ ਹੈ, ਪਰ ਰਸੂਲ ਨੇ ਯਿਸੂ

ਅਤੇ ਯਹੂਦੀ ਧਾਰਮਿਕ ਆਗੂਆਂ ਵਿਚਕਾਰ ਹੋਈਆਂ ਮੁਲਾਕਾਤਾਂ ਦੇ ਬਾਰੇ ਖ਼ਬਰਾਂ ਸੁਣੀਆਂ ਹੋਣਗੀਆਂ। ਉਨ੍ਹਾਂ ਨੇ ਆਖਿਆ, "ਗੁਰੂ ਜੀ ਅਸੀਂ ਤੈਥੋਂ ਕੋਈ ਨਿਸ਼ਾਨੀ ਵੇਖਣੀ ਚਾਹੁੰਦੇ ਹਾਂ" (ਮੱਤੀ 12:38)। "ਫੇਰ ਤੂੰ ਕਿਹੜੀ ਨਿਸ਼ਾਨੀ ਵਿਖਾਲਦਾ ਹੈਂ ਜੋ ਅਸੀਂ ਵੇਖ ਕੇ ਤੇਰੀ ਪਰਤੀਤ ਕਰੀਏ?" (ਯੂਹੰਨਾ 6:30)।

ਨਿਸ਼ਾਨ ਦੇ ਲਈ ਯਹੂਦੀ ਮੰਗਾਂ ਦੀ ਵਿਡੰਬਣਾ ਇਹ ਸੀ ਕਿ ਯਿਸੂ ਦੀ ਸੇਵਕਾਈ ਨਿਸ਼ਾਨਾਂ ਨਾਲ ਭਰੀ ਪਈ ਸੀ। ਯਹੂਦੀਆਂ ਨੇ ਯਸਾਯਾਹ ਦੀ ਭਵਿੱਖਬਾਣੀ ਨੂੰ ਪੂਰਾ ਕੀਤਾ ਸੀ: "ਓਹ ਵੇਖਦੇ ਹੋਏ ਤਾਂ ਵੇਖਣ ਪਰ ਬੁਝਣ ਨਹੀਂ, ਅਤੇ ਸੁਣਦੇ ਹੋਏ ਸੁਣਨ ਪਰ ਸਮਝਣ ਨਹੀਂ . . ." (ਮਰਕੁਸ 4:12; ਵੇਖੋ ਯਸਾਯਾਹ 6:9, 10)। ਨਿਸ਼ਾਨ ਯਿਸੂ ਦੇ ਕੰਮਾਂ ਤੱਕ ਹੀ ਸੀਮਤ ਨਹੀਂ ਸਨ। ਰਸੂਲ ਅੱਗੇ ਚੱਲ ਕੇ ਕੁਰਿੰਥੀਆਂ ਨੂੰ ਲਿਖਿਆ, "ਰਸੂਲਾਂ ਦੇ ਨਿਸ਼ਾਨ . . . ਤੁਹਾਡੇ ਵਿੱਚ ਠੀਕ ਵਿਖਾਏ ਗਏ" (2 ਕੁਰਿੰਥੀਆਂ 12:12)। ਯਹੂਦੀ ਲੋਕਾਂ ਨੇ ਅਕਸਰ ਇੱਕ ਨਿਸ਼ਾਨ ਦੀ ਮੰਗ ਕਰਨ ਦੇ ਦੁਆਰਾ "ਪਰਚਾਰ ਦੀ ਮੂਰਖਤਾਈ" (1:12) ਪ੍ਰਤੀ ਜਵਾਬ ਦਿੱਤਾ ਸੀ, ਪਰ ਕੋਈ ਵੀ ਨਿਸ਼ਾਨ ਉਨ੍ਹਾਂ ਨੂੰ ਸੰਤੁਸ਼ਟ ਨਹੀਂ ਕਰੇਗਾ।

ਸਲੀਬ ਦਿੱਤੇ ਗਏ ਮੁਕਤੀਦਾਤਾ ਦੀ ਖੁਸ਼ਖ਼ਬਰੀ ਦੇ ਪ੍ਰਤੀ **ਯੂਨਾਨੀਆਂ** ਦਾ ਜਵਾਬ ਇੱਕ ਮੁਸਕਰਾਹਟ ਹੁੰਦਾ ਹੈ; ਉਨ੍ਹਾਂ ਦਾ ਰੁਤਬਾ **ਬੁੱਧ** ਨੂੰ ਭਾਲਣ ਵਾਲਾ ਸੀ। ਆਰੰਭਕ ਮਸੀਹੀ ਯੁੱਗ ਦੌਰਾਨ ਯੂਨਾਨੀ ਸੂਝਵਾਨਾਂ ਵਿਚ ਦਾਰਸ਼ਨਿਕ ਕਿਆਸ ਦੂਰਗਾਮੀ ਸੀ। ਉਨ੍ਹਾਂ ਦੇ ਲਈ, ਬੁੱਧ ਤਹਿਖਾਨਿਆਂ ਤੱਕ ਸੀਮਤ ਨਹੀਂ ਸਨ ਜਿੱਥੇ ਬੁੱਧਵਾਨ ਮਨੁੱਖ ਇਕਾਂਤ ਵਿੱਚ ਚਿੰਤਨ ਕਰਦੇ ਸਨ। ਗਲੀ ਵਿੱਚ ਪਰਚਾਰ ਕਰਨ ਵਾਲਿਆਂ ਵਿੱਚ ਅਣਜਾਣ ਤੋਂ ਲੈ ਕੇ ਵਿਵੇਕੀ ਲੋਕ ਸ਼ਾਮਲ ਸਨ। ਸਧਾਰਣ ਨਿਰੀਖਕ ਸੂਝਵਾਨ ਆਲੋਚਕ ਬਣ ਗਏ। ਮੋਚੀ ਅਤੇ ਚਮੜੇ ਦਾ ਕੰਮ ਕਰਨ ਵਾਲਿਆਂ ਨੇ ਸ਼ਹਿਰ ਦੇ ਵਿੱਚ ਦਾਖਲ ਹੋਣ ਦੇ ਲਈ ਹਾਲ ਹੀ ਦੇ ਫਿਲਾਸਫਰ ਦੇ ਗੁਣਾਂ ਤੇ ਬਹਿਸਬਾਜ਼ੀ ਕੀਤੀ। ਬਹੁਤ ਸਾਰੇ ਯੂਨਾਨੀਆਂ ਦੇ ਲਈ, ਪੌਲੁਸ ਸਭ ਤੋਂ ਨਵੀਂ ਪ੍ਰਦਰਸ਼ਣ ਵਾਲੀ ਚੀਜ਼ ਸੀ। ਉਨ੍ਹਾਂ ਨੇ ਸ਼ਬਦਾਂ ਨਾਲ ਜੋੜ ਤੋੜ ਕਰਨ, ਚਤੁਰਾਈ ਵਾਲੀ ਅਲੰਕਾਰ ਵਿੱਦਿਆ ਦੇ ਤਰੀਕਿਆਂ ਅਤੇ ਅਨੋਖੀਆਂ ਵਿਆਖਿਆਵਾਂ ਦੀ ਭਾਲ ਕੀਤੀ। ਬੁੱਧ ਦੇ ਲਈ ਸਲੀਬ ਦਿੱਤੇ ਗਏ ਅਤੇ ਜੀ ਉੱਠੇ ਮੁਕਤੀਦਾਤਾ ਦੇ ਕਾਰਨ ਪਰਮੇਸ਼ੁਰ ਨੂੰ ਜਾਣਨਾ ਅਤੇ ਜੀਵਨ ਨੂੰ ਬਦਲਣ ਦੀ ਸੰਭਾਵਨਾ ਯੂਨਾਨੀ **ਖੋਜ** ਤੋਂ ਪਰੇ ਸੀ।

**ਆਇਤ 23.** ਬਿਨਾਂ ਝਿੱਜਕਦਿਆਂ, ਜ਼ੋਰਦਾਰ ਢੰਗ ਨਾਲ "ਅਸੀਂ" ਸ਼ਬਦ ਦੀ ਵਰਤੋਂ ਕਰਦਿਆਂ, ਪੌਲੁਸ ਨੇ ਨਿਸ਼ਾਨੀਆਂ ਅਤੇ ਬੁੱਧ ਦੇ ਲਈ ਯੂਨਾਨੀ ਮੋਹ ਦੇ ਲਈ ਯਹੂਦੀ ਮੰਗਾਂ ਦੇ ਪ੍ਰਤੀ ਕੁਰਿੰਥੀਆਂ ਨੂੰ ਇੱਕ ਵਿਕਲਪ ਦਿੱਤਾ: **ਅਸੀਂ ਸਲੀਬ ਦਿੱਤੇ ਹੋਏ ਮਸੀਹ ਦਾ ਪਰਚਾਰ ਕਰਦੇ ਹਾਂ**। ਪਰਮੇਸ਼ੁਰ ਦੇ ਮਸਹ ਕੀਤੇ ਹੋਇਆਂ ਸੰਬੰਧੀ, ਪੌਲੁਸ ਨੇ ਯਹੂਦੀ ਉਮੀਦਾਂ ਨੂੰ ਪੂਰਾ ਕਰਨ ਦੇ ਲਈ ਕੋਈ ਨਿਸ਼ਾਨ ਨਹੀਂ ਸੀ ਦਿੱਤਾ; ਉਸ ਨੇ ਗੈਰ ਕੌਮ ਦੇ ਬੁੱਧਵਾਨਾਂ ਨਾਲ ਸਾਜਿਸ਼ ਕਰਨ ਦੇ ਲਈ ਗਿਆਨ ਨਹੀਂ ਸੀ ਦਿੱਤਾ। ਸੱਚਾਈ ਉਸ ਦਿਸ਼ਾ ਵਿੱਚ ਸੀ ਜਿੱਥੇ ਕਿਸੇ ਮਨੁੱਖ ਨੇ ਉਮੀਦ ਨਹੀਂ ਸੀ ਕੀਤੀ। ਸਲੀਬ ਵਿੱਚ ਆਖ਼ਰੀ ਵਿਡੰਬਣਾ ਅਤੇ ਪਰਮੇਸ਼ੁਰ ਦੀ ਬੁੱਧ ਦਾ ਆਖ਼ਰੀ ਪਰਗਟਾਵਾ ਦੋਵੇਂ ਹੀ ਸਨ: "ਉਹ ਤਾਂ ਨਿਰਬਲਤਾਈ ਕਰਕੇ ਸਲੀਬ ਉੱਤੇ ਚੜ੍ਹਾਇਆ ਗਿਆ ਤਾਂ ਵੀ ਪਰਮੇਸ਼ੁਰ ਦੀ ਸਮਰੱਥਾ ਕਰਕੇ ਉਹ ਜੀਉਂਦਾ ਹੈ" (2 ਕੁਰਿੰਥੀਆਂ 13:4a)।

ਲੀਓਨ ਮੌਰਿਸ ਨੇ ਟਿੱਪਣੀ ਕੀਤੀ, "ਸਲੀਬ ਦੀ ਸ਼ਕਤੀ ਸਭ ਤੋਂ ਹਲੀਮ ਵਿਅਕਤੀ ਦੇ ਲਈ ਪਰਮੇਸ਼ੁਰ ਨੂੰ ਜਾਣਨ ਅਤੇ ਬੁਰਿਆਈ ਉੱਤੇ ਜਿੱਤ ਪਾਉਣ ਦੇ ਲਈ ਰਸਤਾ ਖੋਲ੍ਹਦੀ ਹੈ

ਅਤੇ ਇਹ ਬੁੱਧ ਕਿਸੇ ਵੀ ਫਿਲਾਸਫਰ ਦੀ ਕਿਸੇ ਵੀ ਤਰ੍ਹਾਂ ਦੀ ਫਿਲਾਸਫੀ ਤੋਂ ਕਿਤੇ ਉੱਤਮ ਹੈ।"[8] ਬਰੀਵਾਰਡ ਐਸ. ਚਾਈਲਡਸ ਨੇ ਟਿੱਪਣੀ ਕੀਤੀ, "ਸਲੀਬ ਦਾ ਨਿਸ਼ਾਨ ਪੌਲੁਸ ਦੇ ਲਈ ਮਸੀਹ ਦੀ ਮੌਤ ਬਾਰੇ ਸਮਝ ਵਿੱਚ ਵਿੱਚ ਮਨੁੱਖਜਾਤੀ ਦੀ ਯੋਗਤਾ ਦੇ ਸਭ ਤੋਂ ਕਠੋਰ ਰੂਪ ਵਿੱਚ ਇਸ ਦੇ ਆਪਣੇ ਆਪ ਵਿੱਚ ਇਸ ਤੋਂ ਵੱਧ ਹੋਣ ਨੂੰ ਪ੍ਰਦਰਸ਼ਿਤ ਕਰਨ ਵਿੱਚ ਮੁੱਖ ਬਣ ਗਿਆ।"[9]

ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਇਹ ਕਹਿ ਕੇ ਮਸੀਹ ਦੀ ਜਾਣ-ਪਛਾਣ ਕਰਵਾਈ ਸੀ ਕਿ "ਵੇਖੋ, ਜਗਤ ਦਾ ਲੇਲਾ" (ਯੂਹੰਨਾ 1:29)। ਕਈ ਦਹਾਕਿਆਂ ਬਾਅਦ, ਰਸੂਲ ਯੂਹੰਨਾ ਨੇ ਇੱਕ ਦਰਸ਼ਣ ਵਿੱਚ ਉਸ ਨੂੰ ਵੇਖਿਆ ਜਿਹੜਾ ਨੁਕਰੇ ਘੋੜੇ ਤੇ ਸਵਾਰ ਹੈ। ਉਸ ਨੇ ਦੱਸਿਆ, "ਉਹ ਨੂੰ ਇੱਕ ਮੁਕਟ ਦਿੱਤਾ ਗਿਆ ਅਤੇ ਉਹ ਫਤਹ ਕਰਦਿਆਂ ਅਤੇ ਫਤਹ ਕਰਨ ਨੂੰ ਨਿੱਕਲ ਤੁਰਿਆ" (ਪਰਕਾਸ਼ ਦੀ ਪੋਥੀ 6:2)। ਸਲੀਬ ਦਿੱਤਾ ਗਿਆ ਮਸੀਹ ਰਾਜ ਕਰਨ ਵਾਲਾ ਮੁਕਤੀਦਾਤਾ ਬਣ ਗਿਆ। ਪਰਮੇਸ਼ੁਰ ਦੀ ਸ਼ਕਤੀ ਨੇ ਯਹੂਦੀ ਉਮੀਦਾਂ ਨੂੰ ਰੱਦ ਕਰ ਦਿੱਤਾ; ਉਸ ਦੀ ਬੁੱਧ ਨੇ ਗੈਰ ਕੌਮ ਦੇ ਸਲੀਬ ਬਾਰੇ ਬੁੱਧ ਨੂੰ ਮੂਰਖਤਾਈ ਵਿੱਚ ਉਲਝਾ ਦਿੱਤਾ। ਨਿਰਬਲਤਾਈ ਵਿੱਚ ਬਲ ਦਾ ਵਿਰੋਧਾਭਾਸ ਅਤੇ ਮੂਰਖਤਾਈ ਵਿੱਚ ਬੁੱਧ ਰਸੂਲ ਦੇ ਲਈ ਮਾਰਗ-ਦਰਸ਼ਣ ਕਰਨ ਵਾਲਾ ਤਾਰਾ ਬਣ ਗਿਆ। "ਜੇਕਰ ਅਭਮਾਨ ਕਰਨਾ ਹੀ ਪਵੇ," ਅੱਗੇ ਜਾ ਕੇ ਉਹ ਲਿਖੇਗਾ, "ਮੈਂ ਆਪਣੀ ਨਿਰਬਲਤਾਈ ਦੀਆਂ ਗੱਲਾਂ ਉੱਤੇ ਅਭਮਾਨ ਕਰਾਂਗਾ" (2 ਕੁਰਿੰਥੀਆਂ 12:10)।

**ਆਇਤ 24.** ਰਸੂਲ ਨੇ ਮਨੁੱਖੀ ਉਮੀਦਾਂ (ਨਿਸ਼ਾਨੀਆਂ ਅਤੇ ਫਿਲਾਸਫੀ ਕਿਆਸ) ਦੁਆਰਾ ਪਰਿਭਾਸ਼ਿਤ ਪਰਮੇਸ਼ੁਰ ਦੇ ਪ੍ਰਤੀ ਦ੍ਰਿਸ਼ਟੀਕੋਣ ਦੀ ਤੁਲਨਾ ਉਸ ਦ੍ਰਿਸ਼ਟੀਕੋਣ ਨਾਲ ਕਰਨਾ ਜਾਰੀ ਰੱਖਿਆ ਜੋ ਬਚਾਏ ਜਾਣ ਦੇ ਲਈ ਪਹਿਲ ਕਰਨ ਵਾਸਤੇ ਪਰਮੇਸ਼ੁਰ ਦੇ ਲਈ ਉਡੀਕ ਕਰਦਾ ਹੈ। ਮਸੀਹੀ ਸਿੱਖਿਆ ਰੱਬੀ ਸੰਬੰਧੀ ਕਾਲਪਨਿਕ ਕਿਆਸ ਤੇ ਅਧਾਰਿਤ ਨਹੀਂ ਹੈ; ਇਹ ਉਸ ਦੇ ਬਾਰੇ ਇੱਕ ਬਿਆਨ ਹੈ ਜੋ ਪਰਮੇਸ਼ੁਰ ਨੇ ਕੀਤਾ ਹੈ। ਸਾਰੇ ਮਨੁੱਖਾਂ ਦੇ ਲਈ ਨਹੀਂ, ਪਰ **ਉਨ੍ਹਾਂ ਦੇ ਲੇਖੇ ਜਿਹੜੇ ਸੱਦੇ ਹੋਏ ਹਨ**, ਸਲੀਬ ਉੱਤੇ ਮਸੀਹ **ਪਰਮੇਸ਼ੁਰ ਦੀ ਸ਼ਕਤੀ ਅਤੇ ਪਰਮੇਸ਼ੁਰ ਦਾ ਗਿਆਨ ਹੈ**। ਇਹ ਕਿ ਮਸੀਹੀ ਲੋਕ "ਸੱਦੇ ਹੋਏ ਹਨ" ਪਰਮੇਸ਼ੁਰ ਦੀ ਪਹਿਲ ਵੱਲ ਧਿਆਨ ਨੂੰ ਖਿੱਚ ਕੇ ਲੈ ਜਾਂਦਾ ਹੈ; ਇਹ ਮਨੁੱਖ ਦੇ ਲਈ ਬੁਲਾਹਟ ਦੇ ਪ੍ਰਤੀ ਸਕਾਰਾਤਮਕ ਤੌਰ ਤੇ ਜਵਾਬ ਦੇਣ ਦੀ ਲੋੜ ਨੂੰ ਨਹੀਂ ਹਟਾਉਂਦਾ।

ਪੌਲੁਸ ਦੀ ਸਿੱਖਿਆ ਕਿਸੇ ਦਾਰਸ਼ਨਿਕ ਸਕੂਲ ਦਾ ਉਤਪਾਦ ਨਹੀਂ ਸੀ। ਬਲਕਿ, ਇਹ ਇੱਕ ਪਰਕਾਸ਼ ਸੀ ਕਿ ਰਸੂਲ ਅਤੇ ਉਸ ਦੇ ਪਾਠਕ ਛੁਡਾਏ ਗਏ ਸਨ ਕਿਉਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਕਦੀ ਪਿਆਰ ਕਰਨਾ ਨਹੀਂ ਸੀ ਛੱਡਿਆ, ਸਗੋਂ ਪਾਪ ਦੀ ਮੌਜੂਦਗੀ ਵਿੱਚ ਵੀ। ਰਸੂਲ ਦਾ ਆਧਾਰ ਇਹ ਸੀ ਕਿ ਜਦੋਂ ਕੁਰਿੰਥੁਸ ਦੇ ਲੋਕ ਸੰਦੇਸ਼ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦੇਣਗੇ, ਉਨ੍ਹਾਂ ਵਿਚਕਾਰ ਫੁੱਟਾਂ ਅਤੇ ਮਨੁੱਖੀ ਸ਼ਕਤੀ ਅਤੇ ਗਿਆਨ ਦੇ ਪ੍ਰਤੀ ਅਪੀਲਾਂ ਘੱਟ ਮਹੱਤਵਪੂਰਣ ਬਣ ਜਾਣਗੀਆਂ।

**ਆਇਤ 25.** ਪੌਲੁਸ ਨੂੰ ਖੁਸ਼ਖ਼ਬਰੀ ਦੀ ਸੱਚਾਈ ਵਿੱਚ ਇੰਨਾ ਜ਼ਿਆਦਾ ਭਰੋਸਾ ਸੀ ਕਿ ਉਹ ਮੂਰਖਤਾਈ ਅਤੇ ਨਿਰਬਲਤਾਈ ਦੇ ਇਸ ਦੇ ਰੂਪ ਨੂੰ ਸਵੀਕਾਰ ਕਰਨ ਦਾ ਇੱਛੁਕ ਸੀ। ਮਨੁੱਖ ਦੇ ਮਾਪਦੰਡਾਂ ਤੋਂ, ਸਲੀਬ ਵਿੱਚ ਸ਼ਲਾਘਾ ਕਰਨ ਵਾਲੀ ਕੋਈ ਵੀ ਗੱਲ ਨਹੀਂ ਸੀ। ਇਹ ਜਾਣਦੇ ਹੋਏ ਕਿ ਨਾਸ ਹੋਣ ਵਾਲੇ ਲੋਕਾਂ ਦੇ ਲਈ ਖੁਸ਼ਖ਼ਬਰੀ ਮੂਰਖਤਾਈ ਹੈ, ਰਸੂਲ ਨੇ ਜਵਾਬ ਦਿੱਤਾ, **ਪਰਮੇਸ਼ੁਰ ਦੀ ਮੂਰਖਤਾਈ ਮਨੁੱਖਾਂ ਦੇ ਗਿਆਨ ਨਾਲੋਂ ਗਿਆਨਵਾਨ ਹੈ**।

ਇਹ ਕਿ ਮਨੁੱਖ ਖੁਸ਼ਖ਼ਬਰੀ ਨੂੰ ਮੂਰਖਤਾਈ ਸਮਝਦੇ ਹਨ ਆਪਣੇ ਆਪ ਵਿੱਚ ਇਸ ਗੱਲ ਦੀ ਸਾਖੀ ਹੈ ਕਿ ਇਹ ਪਰਮੇਸ਼ੁਰ ਦੇ ਵੱਲੋਂ ਆਈ ਹੈ। ਕੋਈ ਵੀ ਵਿਅਕਤੀ ਮਨੁੱਖੀ ਉਮੀਦਾਂ ਦੇ ਸਮਰੂਪ ਹੋਣ ਦੇ ਲਈ ਪਰਮੇਸ਼ੁਰ ਵੱਲੋਂ ਕਿਸੇ ਵੀ ਵਾਰਤਾਲਾਪ ਦੀ ਉਮੀਦ ਨਹੀਂ ਕਰੇਗਾ। ਪਰਮੇਸ਼ੁਰ ਦੀ ਮੂਰਖਤਾਈ ਜਾਂ ਗਿਆਨ ਦੇ ਸੰਸਾਰਕ ਆਂਕਲਣ ਤੋਂ ਵੱਧ ਇਹ ਤੱਥ ਜ਼ਿਆਦਾ ਮਹੱਤਵਪੂਰਣ ਹੈ: **ਪਰਮੇਸ਼ੁਰ ਦੀ ਮੂਰਖਤਾਈ ਮਨੁੱਖਾਂ ਦੇ ਗਿਆਨ ਨਾਲੋਂ ਗਿਆਨਵਾਨ ਹੈ**। ਮਨੁੱਖਾਂ ਨੂੰ ਜਿਸ ਤਰ੍ਹਾਂ ਦਲੀਲ ਦਿੰਦੇ ਹਨ ਦੇਣ ਦਿਓ; ਅੰਤ ਵਿੱਚ ਜਿੱਤ ਪਰਮੇਸ਼ੁਰ ਦੀ ਹੀ ਹੋਵੇਗੀ। ਪ੍ਰਭੂ ਦੁਬਾਰਾ ਵਾਪਸ ਆਵੇਗਾ। ਮੁਕਤੀ ਸਲੀਬ ਵਿੱਚ ਹੈ ਅਤੇ ਹੋਵੇਗੀ।

**ਮਸੀਹ ਵਿੱਚ ਪਾਇਆ ਗਿਆ ਗਿਆਨ (1:26-30)**

**26ਹੇ ਭਰਾਵੋ, ਆਪਣੇ ਸੱਦੇ ਉੱਤੇ ਧਿਆਨ ਕਰੋ ਭਈ ਸਰੀਰ ਦੇ ਅਨੁਸਾਰ ਨਾ ਤਾਂ ਬਾਹਲੇ ਬੁੱਧਵਾਨ, ਨਾ ਬਾਹਲੇ ਬਲਵਾਨ, ਨਾ ਬਾਹਲੇ ਕੁਲੀਨ ਸੱਦੇ ਹੋਏ ਹਨ। 27ਸਗੋਂ**
**ਸੰਸਾਰ ਦੇ ਮੂਰਖਾਂ ਨੂੰ ਪਰਮੇਸ਼ੁਰ ਨੇ ਚੁਣ ਲਿਆ ਭਈ ਬੁੱਧਵਾਨਾਂ ਨੂੰ ਲੱਜਿਆਵਾਨ ਕਰੇ ਅਤੇ ਸੰਸਾਰ ਦੇ ਨਿਰਬਲਾਂ ਨੂੰ ਪਰਮੇਸ਼ੁਰ ਨੇ ਚੁਣ ਲਿਆ ਭਈ ਬਲਵੰਤਾਂ ਨੂੰ ਲੱਜਿਆਵਾਨ ਕਰੇ। 28ਅਤੇ ਸੰਸਾਰ ਦੇ ਅਦਨਾਂ ਅਤੇ ਮਲੀਹਦੜਾਂ ਨੂੰ ਨਾਲੇ ਓਹਨਾਂ ਨੂੰ**
**ਜਿਹੜੇ ਹਨ ਹੀ ਨਹੀਂ ਪਰਮੇਸ਼ੁਰ ਨੇ ਚੁਣ ਲਿਆ ਭਈ ਉਨ੍ਹਾਂ ਨੂੰ ਜਿਹੜੇ ਹਨ ਅਕਾਰਥ ਕਰੇ। 29ਤਾਂ ਕਿ ਕੋਈ ਬਸ਼ਰ ਪਰਮੇਸ਼ੁਰ ਦੇ ਅੱਗੇ ਘੁਮੰਡ ਨਾ ਕਰੇ। 30ਪਰ ਉਸ ਤੋਂ ਤੁਸੀਂ**
**ਮਸੀਹ ਯਿਸੂ ਵਿੱਚ ਹੋ ਜਿਹੜਾ ਪਰਮੇਸ਼ੁਰ ਦੀ ਵੱਲੋਂ ਸਾਡੇ ਲਈ ਲਈ ਗਿਆਨ ਅਤੇ ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰਾ ਬਣਾਇਆ ਗਿਆ ਸੀ।**

**ਆਇਤ 26.** ਉਸ ਦਾ ਸਮਰਥਨ ਕਰਨ ਦੇ ਲਈ ਜਿਸ ਤੇ ਪੌਲੁਸ ਨੇ ਜ਼ੋਰ ਦਿੱਤਾ ਸੀ, ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਦੇ ਅਨੁਭਵ ਦੀ ਗੁਹਾਰ ਲਗਾਈ। ਉਨ੍ਹਾਂ ਦੇ ਲਈ ਦਾਰਸ਼ਨਿਕ ਅਤੇ ਧਾਰਮਿਕ ਕਿਆਸ ਨੂੰ ਅਪਨਾਉਣਾ, ਮਨੁੱਖਾਂ ਦੇ ਸਾਹਮਣੇ ਸ਼ਾਨੋ-ਸ਼ੌਕਤ ਨੂੰ ਭਾਲਣਾ ਅਜੀਬ ਸੀ, ਕਿਉਂਕਿ ਸੰਸਾਰ ਨੇ ਪਹਿਲਾਂ ਤੋਂ ਮਸੀਹ ਦੇ ਪਰਚਾਰ ਦਾ ਨਿਆਂ ਕਰ ਦਿੱਤਾ ਸੀ ਅਤੇ ਇਸ ਨੂੰ ਠੁਕਰਾ ਦਿੱਤਾ ਸੀ। ਉਨ੍ਹਾਂ ਵਿੱਚ **ਬਾਹਲੇ ਬੁੱਧਵਾਨ ਨਹੀਂ ਸਨ**, ਸ਼ਕਤੀਸ਼ਾਲੀ, ਜਾਂ ਧਨੀ ਨਹੀਂ ਸੀ ਜਨਮੇ। ਮਸੀਹੀਅਤ ਦਾ ਭਵਿੱਖ ਸੰਸਾਰ ਦੇ ਬੌਧਕ ਕੁਲੀਨਾਂ, ਪੂੰਜੀਪਤੀਆਂ ਜਾਂ ਰਈਸਾਂ ਤੇ ਨਿਰਭਰ ਨਹੀਂ ਸੀ ਕਰਦਾ। "ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ" (2:2) ਉਹ ਨਿਹਚਾ ਬਣਨੀ ਸੀ ਜਿਹੜੀ ਅਧੀਨਾਂ ਅਤੇ ਆਮ ਮਲੀਹਦੜਾਂ ਦੇ ਦਿਲਾਂ ਵਿੱਚ ਮੁਢਲੇ ਤੌਰ ਤੇ ਵੱਸ ਜਾਵੇਗੀ।

ਕਿਉਂਕਿ ਮਸੀਹੀ ਯੁੱਗ ਦੀਆਂ ਆਰੰਭਕ ਸਦੀਆਂ ਤੋਂ, ਆਲੋਚਕਾਂ ਨੇ ਮਸੀਹੀਅਤ ਨੂੰ ਮੰਨਣ ਵਾਲਿਆਂ ਨੂੰ ਅਸਾਨੀ ਨਾਲ ਧੋਖਾ ਖਾਣ ਵਾਲਿਆਂ ਵਜੋਂ ਸਮਝਿਆ ਸੀ ਅਤੇ ਅਸਾਨੀ ਨਾਲ ਧੋਖਾ ਖਾਧਾ ਸੀ। ਮਸੀਹੀ ਲੋਕਾਂ ਦੇ ਦੁਸ਼ਮਣ ਨੇ, ਦੂਜੀ ਸਦੀ ਵਿੱਚ ਲਿਖਦਿਆਂ, ਉਨ੍ਹਾਂ ਨੂੰ ਘਮੰਡੀ ਲੋਕ ਐਲਾਨਿਆ ਸੀ ਜਿਹੜੇ ਆਪਣੀਆਂ ਆਪਣੀਆਂ ਥਾਵਾਂ ਤੋਂ "ਉੱਨ ਦਾ ਕੰਮ ਕਰਨ ਵਾਲਿਆਂ, ਮੋਚੀਆਂ, ਧੋਬੀ ਦਾ ਕੰਮ ਕਰਨ ਵਾਲਿਆਂ ਅਤੇ ਸਭ ਤੋਂ ਜ਼ਿਆਦਾ ਅਨਪੜ੍ਹ ਲੋਕਾਂ ਅਤੇ ਦਿਹਾਤੀ ਗੰਵਾਰਾਂ" ਦੇ ਰੂਪ ਵਿੱਚ ਨਿੱਕਲੇ ਅਤੇ ਉਪਦੇਸ਼ਕ ਬਣਨ ਦੀ ਕਲਪਨਾ ਕੀਤੀ।[10] ਹਾਲਾਂਕਿ ਪੌਲੁਸ ਨੇ ਸ਼ਾਇਦ ਇਹ ਨਹੀਂ ਸੋਚਿਆ ਹੋਵੇਗਾ ਕਿ ਲੋਕ ਜਿਹੜੇ ਛੋਟੇ ਕੰਮ ਕਰਦੇ ਸਨ ਉੱਨੇ ਅਣਜਾਣ ਜਾਂ ਅਸਾਨੀ ਨਾਲ ਧੋਖਾ ਖਾਣ ਵਾਲੇ ਸਨ ਜਿੰਨਾ ਕਿ ਸੰਸਾਰ

ਦੇ ਬੁੱਧਵਾਨ ਲੋਕ ਸੋਚਦੇ ਸਨ, ਉਸ ਨੇ ਇਹ ਸਵੀਕਾਰ ਕੀਤਾ ਹੋਵੇਗਾ ਕਿ ਸੰਸਾਰ ਦੇ ਬੁੱਧਵਾਨਾਂ ਅਤੇ ਬੌਧਿਕ ਤੌਰ ਤੇ ਪ੍ਰਭਾਵਸ਼ਾਲੀ ਲੋਕਾਂ ਕੋਲ ਸਲੀਬ ਦੇ ਸੰਦੇਸ਼ ਦੇ ਲਈ ਸਮਾਂ ਨਹੀਂ ਸੀ। ਸੰਸਾਰ ਦੇ ਗਿਆਨ ਨੂੰ ਸਮਝਣ ਦੇ ਲਈ ਸਲੀਬ ਦਾ ਗਿਆਨ ਬਹੁਤ ਹੀ ਜ਼ਿਆਦਾ ਗੂੜ੍ਹਾ ਹੈ। "ਆਪਣੇ ਆਲੇ-ਦੁਆਲੇ ਨਜ਼ਰ ਮਾਰੋ," ਰਸੂਲ ਕੁਰਿੰਥੀਆਂ ਨੂੰ ਚੁਣੌਤੀ ਦੇ ਰਿਹਾ ਸੀ; **ਆਪਣੇ ਸੱਦੇ ਉੱਤੇ ਧਿਆਨ ਕਰੋ**।

ਪੌਲੁਸ ਦਾ ਦਾਅਵਾ ਕਿ **ਸਰੀਰ ਦੇ ਅਨੁਸਾਰ** ਕੁਰਿੰਥੁਸ ਦੇ ਵਿਸ਼ਵਾਸੀਆਂ ਵਿੱਚ "ਬਾਹਲੇ ਬੁੱਧਵਾਨ ਨਹੀਂ" ਸਨ ਕੁਰਿੰਥੁਸ ਵਿੱਚ ਆਰੰਭਕ ਮਸੀਹੀ ਲੋਕਾਂ ਦੇ ਸਮਾਜਕ ਅਤੇ ਆਰਥਿਕ ਰੁਤਬੇ ਬਾਰੇ ਕਈ ਸਵਾਲ ਖੜ੍ਹੇ ਕਰਦਾ ਹੈ। ਅਸਲ ਵਿੱਚ, ਕੀ ਉੱਥੇ ਉਨ੍ਹਾਂ ਵਿੱਚ ਕੁਝ ਗਿਆਨੀ ਅਤੇ ਧਨੀ ਲੋਕ ਸਨ? 1:20 ਵਿੱਚ ਅਲੰਕਾਰ ਵਿੱਦਿਆ ਦਾ ਸਵਾਲ ਦਾ ਅਰਥ ਇਹ ਪ੍ਰਤੀਤ ਹੁੰਦਾ ਹੈ ਕਿ ਦੁਨਿਆਵੀ ਤੌਰ ਤੇ ਬੁੱਧਵਾਨ ਵਿਅਕਤੀ ਆਪਣੇ ਆਪ ਨੂੰ ਮਸੀਹੀ ਲੋਕ ਸਮਝਦੇ ਸਨ। ਜੌਨ ਗਾਰੋਰ ਸਹੀ ਸੀ ਜਦੋਂ ਉਸ ਨੇ ਲਿਖਿਆ,

> . . . *ਕੁਝ* ਵਿਸ਼ਵਾਸੀ ਪੜ੍ਹੇ ਲਿਖੇ ਸਨ ਅਤੇ ਤੁਲਨਾਤਮਕ ਰੂਪ ਵਿੱਚ ਉਨ੍ਹਾਂ ਦੇ ਸਥਾਨਕ ਨਗਰਾਂ ਅਤੇ ਸ਼ਹਿਰਾਂ ਦੀ ਸਮਾਜਕ ਮਹੰਤਸ਼ਾਹੀ ਵਿੱਚ ਉੱਚੇ ਖੜ੍ਹੇ ਸਨ। ਪਰ ਸਾਨੂੰ ਕੁਝ ਲੋਕਾਂ ਦੀ ਨਹੀਂ ਪਰ ਜ਼ਿਆਦਾਤਰ ਲੋਕਾਂ ਦੀ ਚਿੰਤਾ ਹੋਣੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਸਮੁੱਚੇ ਤੌਰ ਤੇ ਹਲਚਲ ਦੇ ਚਰਿੱਤਰ ਦੀ।[11]

ਪਹਿਲੀ ਸਦੀ ਵਿੱਚ, ਖੁਸ਼ਖ਼ਬਰੀ ਗਰੀਬਾਂ ਦੇ ਸਵੀਕਾਰਨ ਅਤੇ ਮਸੀਹ ਦੀ ਕਿਰਪਾ ਅਤੇ ਮਾਫ਼ੀ ਦੀਆਂ ਖ਼ਬਰਾਂ ਦੇ ਪ੍ਰਤੀ ਸਮਰਾਟ ਦੀ ਨਫਰਤ ਦੇ ਕਾਰਨ ਮੁੱਖ ਤੌਰ ਤੇ ਫੈਲੀ ਹੋਈ ਸੀ। ਇਸ ਦੇ ਬਦਲੇ, ਗਰੀਬ ਅਤੇ ਤੁੱਛ ਲੋਕ ਉਨ੍ਹਾਂ ਦੇ ਲਈ ਪ੍ਰੇਰਣਾ ਦੇਣ ਵਾਲੀਆਂ ਸ਼ਕਤੀਆਂ ਸਨ ਜਿਹੜੇ ਤਦ ਤੱਕ ਘਰਾਂ ਅਤੇ ਵਰਕਸ਼ਾਪਾਂ ਵਿੱਚ ਖਮੀਰ ਦੀ ਤਰ੍ਹਾਂ ਕੰਮ ਕਰ ਰਹੇ ਸਨ ਜਦੋਂ ਤੱਕ ਸਾਰਾ ਸੰਸਾਰ ਪ੍ਰਭੂ ਯਿਸੂ ਦੇ ਪਰਚਾਰ ਨੂੰ ਨਹੀਂ ਸੁਣ ਲੈਂਦਾ।

**ਆਇਤ 27, 28.** ਕੁਰਿੰਥੁਸ ਵਿੱਚ ਜ਼ਿਆਦਾਤਰ ਆਮ, ਸਧਾਰਣ, ਗਰੀਬ ਅਤੇ ਤੁੱਛ ਲੋਕ ਆਪਣੇ ਆਪ ਦੀ ਗਿਣਤੀ ਬਚੇ ਹੋਏ ਲੋਕਾਂ ਵਿੱਚ ਕਰ ਸਕਦੇ ਸਨ। ਇਹ ਕੋਈ ਇਤਫਾਕ ਨਹੀਂ ਸੀ; ਇਹ ਪਰਮੇਸ਼ੁਰ ਦਾ ਕੰਮ ਸੀ। **ਸੰਸਾਰ ਦੇ ਮੂਰਖਾਂ ਨੂੰ ਪਰਮੇਸ਼ੁਰ ਨੇ ਚੁਣ ਲਿਆ ਭਈ ਬੁੱਧਵਾਨਾਂ ਨੂੰ ਲੱਜਿਆਵਾਨ ਕਰੇ ਅਤੇ ਸੰਸਾਰ ਦੇ ਨਿਰਬਲਾਂ ਨੂੰ ਪਰਮੇਸ਼ੁਰ ਨੇ ਚੁਣ ਲਿਆ ਭਈ ਬਲਵੰਤਾਂ ਨੂੰ ਲੱਜਿਆਵਾਨ ਕਰੇ** (1:27)। ਪੌਲੁਸ ਨੇ ਅੱਗੇ ਇਹ ਆਖਿਆ, **ਸੰਸਾਰ ਦੇ ਅਦਨਾਂ ਅਤੇ ਮਲੀਹਦੜਾਂ ਨੂੰ ਨਾਲੇ ਓਹਨਾਂ ਨੂੰ ਜਿਹੜੇ ਹਨ ਹੀ ਨਹੀਂ ਪਰਮੇਸ਼ੁਰ ਨੇ ਚੁਣ ਲਿਆ** (1:28)। ਪਰਮੇਸ਼ੁਰ ਨੇ ਜਾਣਬੁੱਝ ਕੇ ਘਮੰਡੀ ਗਿਆਨ ਅਤੇ ਮਨੁੱਖਾਂ ਦੀ ਸ਼ਕਤੀ ਨੂੰ ਗਲਤ ਸਾਬਤ ਕੀਤਾ ਸੀ। ਉਸ ਦੀ ਚੋਣ ਇਸ ਲਈ ਹੈ ਤਾਂ ਕਿ **ਉਨ੍ਹਾਂ ਨੂੰ ਜਿਹੜੇ ਹਨ ਅਕਾਰਥ ਕਰੇ**। ਇਸ ਤੋਂ ਗੂੜ੍ਹਾ ਵਿਰੋਧਾਭਾਸ ਹੋਰ ਕੋਈ ਨਹੀਂ ਹੈ ਕਿ ਪਰਮੇਸ਼ੁਰ ਨੇ ਦੀਨ ਲੋਕਾਂ ਨੂੰ ਚੰਗੇ, ਅਰਥਪੂਰਣ ਅਤੇ ਆਸ ਨਾਲ ਭਰੇ ਜੀਵਨ ਦਿੱਤੇ ਹਨ ਜਦ ਕਿ ਸੰਸਾਰ ਦਾ ਬਲ ਅਨਿਸ਼ਤਤਾ, ਦੁੱਖ ਅਤੇ ਸਗੋਂ ਸਰੀਰਕ ਮੌਤ ਵੱਲ ਲੈ ਕੇ ਗਿਆ। ਯਿਸੂ ਨੇ ਕਿਹਾ ਕਿ ਵਿਸ਼ਵਾਸੀ ਜੀਵਨ ਨੂੰ ਪਾਵੇਗਾ ਜਦੋਂ ਉਹ ਇਸ ਨੂੰ ਗੁਆਉਂਦਾ ਹੈ (ਯੂਹੰਨਾ 12:24, 25)। ਜਿਨ੍ਹਾਂ ਕੋਲ ਸੰਸਾਰਕ ਬੁੱਧ ਹੈ ਉਹ ਇਸ ਨੂੰ ਕਦੇ ਨਹੀਂ ਸਮਝਦੇ। "ਪੌਲੁਸ ਨੇ ਦਿਖਾਵਟੀ ਕਮਜ਼ੋਰੀ ਅਤੇ ਸਲੀਬ ਦੀ ਸ਼ਕਤੀਹੀਣਤਾ ਨੂੰ ਉਨ੍ਹਾਂ ਦੀ ਆਪਣੀ ਕਮਜ਼ੋਰੀ ਅਤੇ ਸ਼ਕਤੀਹੀਣਤਾ ਦੇ ਨਾਲ ਜੋੜਿਆ ਅਤੇ ਉਨ੍ਹਾਂ ਨੂੰ ਇਹ ਵੇਖਣ ਦਾ ਸੰਕੇਤ ਦਿੱਤਾ ਕਿ ਰੱਬੀ

ਸ਼ਕਤੀ ਉਨ੍ਹਾਂ ਦੀ ਸਮਾਜਕ ਕਮਜ਼ੋਰੀ ਵਿੱਚ ਕੰਮ ਕਰ ਸਕਦੀ ਹੈ।"[12]

ਇਹ ਕਿ ਪਰਮੇਸ਼ੁਰ ਨੇ ਉਸ ਦੇ ਪੁੱਤਰ ਯਿਸੂ ਮਸੀਹ ਵਿੱਚ ਸਰੀਰਕ ਤੌਰ ਤੇ ਵਿਅਕਤੀ ਦਾ ਰੂਪ ਧਾਰਿਆ ਹੈ ਇੱਕ ਨਿਵੇਕਲੀ ਮਸੀਹੀ ਡਾਕਟ੍ਰਿਨ ਹੈ; ਇਹ ਨਿਹਚਾ ਦਾ ਮੂਲ ਸਿਧਾਂਤ ਹੈ। ਮਸੀਹੀ ਲੋਕਾਂ ਨੇ ਸਰੀਰ ਅਤੇ ਆਤਮਾ ਦੇ ਕਿਸੇ ਵੀ ਅਸਾਨ ਵਿਛੋੜੇ ਤੋਂ ਇਨਕਾਰ ਕੀਤਾ ਹੈ। ਨਵੇਂ ਨੇਮ ਦੇ ਸਮਿਆਂ ਵਿੱਚ, ਗਿਆਨੀ ਮਨੁੱਖਾਂ ਨੇ ਇਸ ਸੰਭਾਵਨਾ ਤੋਂ ਠੋਕਰ ਖਾਧੀ ਕਿ ਭਲਿਆਈ ਅਤੇ ਪਵਿੱਤਰਤਾਈ ਨੂੰ ਸਰੀਰਕ ਬਣਨਾ ਚਾਹੀਦਾ ਹੈ। ਉਹ ਹਾਲੇ ਵੀ ਇਸੇ ਤਰ੍ਹਾਂ ਹੀ ਕਰਦੇ ਹਨ। ਅਗਸਟਿਨ ਪੋਰਫਿਰੀ ਅਤੇ ਅਪੁਲਿਉਸ ਵਰਗੇ ਦਾਰਸ਼ਨਿਕਾਂ ਨੂੰ ਪੁੱਛਿਆ, "ਇਸ ਦਾ ਕਾਰਣ ਕੀ ਹੈ ਕਿ ਤੁਸੀਂ ਮਸੀਹੀ ਬਣਨ ਤੋਂ ਇਨਕਾਰ ਕਰਦੇ ਹੋ?" ਉਸ ਨੇ ਇਸ ਦਾ ਜਵਾਬ ਇੱਕ ਹੋਰ ਸਵਾਲ ਨਾਲ ਕੀਤਾ: "ਇਹ ਇਸ ਲਈ ਨਹੀਂ ਕਿਉਂਕਿ ਮਸੀਹ ਦੀਨਤਾ ਵਿੱਚ ਆਇਆ ਅਤੇ ਤੁਸੀਂ ਇਸ ਗੱਲ ਦਾ ਘਮੰਡ ਕਰਦੇ ਹੋ?" ਅਗਸਟਿਨ ਨੇ ਆਪਣੀ ਗੱਲ ਨੂੰ ਜਾਰੀ ਰੱਖਿਆ, "ਗਿਆਨੀ ਮਨੁੱਖਾਂ ਦੇ ਲਈ ਪਲਾਟੋ ਦੇ ਸਕੂਲ ਤੋਂ ਮਸੀਹ ਦੇ ਚੇਲੇਪਣ ਦੇ ਲਈ ਪਾਸ ਹੋਣਾ ਅਪਮਾਨ ਵਾਲੀ ਗੱਲ ਹੈ।"[13] ਮਨੁੱਖੀ ਹਾਲਤ ਵਿੱਚ ਸੁਭਾਵਕ ਭੇਤਾਂ ਦੇ ਬਾਵਜੂਦ, ਪੜ੍ਹੇ ਲਿਖੇ ਮਨੁੱਖ ਕਿਆਸ ਲਗਾਉਣਾ ਜਾਰੀ ਰੱਖਦੇ ਹਨ ਅਤੇ ਆਪਣੇ ਆਪ ਨੂੰ ਬੁੱਧਵਾਨ ਸਮਝਦੇ ਹਨ।

**ਆਇਤ 29.** ਕੁਰਿੰਥੁਸ ਦੇ ਲੋਕਾਂ ਦੇ ਲਈ ਸਬਕ ਇਹ ਸੀ: **ਕੋਈ ਬਸ਼ਰ ਪਰਮੇਸ਼ੁਰ ਦੇ ਅੱਗੇ ਘੁਮੰਡ ਨਾ ਕਰੇ**। ਸਮਾਜਿਕ ਤੌਰ ਤੇ ਵਿਸ਼ੇਸ਼ ਵਰਗ ਦੇ ਲੋਕ ਅਤੇ ਸਧਾਰਣ ਲੋਕ ਮਨੁੱਖੀ ਪਾਪ, ਲਾਚਾਰੀ ਅਤੇ ਅਗਿਆਨਤਾ ਦੇ ਅਧੀਨ ਹਨ। ਕੋਈ ਵੀ ਵਿਅਕਤੀ ਪਰਮੇਸ਼ੁਰ ਦੀਆਂ ਯੋਜਨਾਵਾਂ ਨੂੰ ਖੋਜਣ ਦਾ ਦਾਅਵਾ ਨਹੀਂ ਕਰ ਸਕਦਾ; ਕੋਈ ਵੀ ਵਿਅਕਤੀ ਪਰਮੇਸ਼ੁਰ ਦੇ ਮਨ ਨੂੰ ਨਹੀਂ ਸਮਝ ਸਕਦਾ। ਪਰਮੇਸ਼ੁਰ ਨੇ ਇੱਕ ਮੁਕਤੀਦਾਤਾ ਨੂੰ ਭੇਜਣ ਦੀ ਪਹਿਲ ਕੀਤੀ ਸੀ ਇਸ ਦੇ ਬਾਰੇ ਘੁਮੰਡ ਕਰਨ ਦੇ ਲਈ ਕੁਰਿੰਥੀਆਂ ਦੇ ਕੋਲ ਕੋਈ ਆਧਾਰ ਨਹੀਂ ਸੀ। ਪਰਮੇਸ਼ੁਰ ਨੇ ਖੁਦ ਸੰਸਾਰ ਦੇ ਅੱਗੇ ਆਪਣੇ ਸੰਦੇਸ਼ ਦਾ ਪਰਚਾਰ ਕਰਨ ਦੇ ਲਈ ਰਸੂਲਾਂ ਨੂੰ ਘੱਲਿਆ ਸੀ। ਇਨ੍ਹਾਂ ਮਸੀਹੀ ਲੋਕਾਂ ਦੇ ਲਈ ਮੁਕਤੀ ਕਿਸੇ ਮਨੁੱਖੀ ਯੋਜਨਾ ਦੁਆਰਾ ਨਹੀਂ ਸੀ ਆਈ। ਮਹਿਮਾ ਸਿਰਫ ਪਰਮੇਸ਼ੁਰ ਦੇ ਲਈ ਸੀ।

ਘੁਮੰਡ ਸ਼ਰਮਿੰਦਗੀ ਦਾ ਉਲਟ ਸ਼ਬਦ ਹੈ। ਨਾ ਹੀ ਇਹ ਅੰਦਰੂਨੀ, ਮਨੋਵਿਗਿਆਨਕ ਪ੍ਰਕਿਰਿਆ ਦਾ ਹਵਾਲਾ ਦਿੰਦਾ ਹੈ; ਦੋਵੇਂ ਆਦਰ ਅਤੇ ਮਾਣ ਦੇ ਬਾਰੇ ਹਨ ਜੋ ਇੱਕ ਵਿਅਕਤੀ ਆਪਣੇ ਮਿੱਤਰ, ਰਿਸ਼ਤੇਦਾਰਾਂ ਅਤੇ ਗੁਆਂਢੀਆਂ ਕੋਲੋਂ ਪ੍ਰਾਪਤ ਕਰਦਾ ਹੈ। ਯਿਸੂ ਨੇ ਇਸ ਦਾ ਉਦਾਹਰਣ ਦਿੱਤਾ ਸੀ ਕਿ ਸ਼ਰਮਿੰਦਗੀ ਦਾ ਕੀ ਅਰਥ ਹੈ ਜਦੋਂ ਉਸ ਨੇ ਇੱਕ ਦ੍ਰਿਸ਼ਟਾਂਤ ਦਿੱਤਾ ਜੋ ਕਿ ਉਨ੍ਹਾਂ ਨੂੰ ਸੰਬੋਧਿਤ ਕੀਤਾ ਗਿਆ ਸੀ ਜਿਹੜੇ ਦਾਹਵਤ ਵਿੱਚ ਸਭ ਤੋਂ ਉੱਚੀਆਂ ਥਾਵਾਂ ਭਾਲਦੇ ਹਨ। ਉਸ ਨੇ ਚਿਤਾਵਨੀ ਦਿੱਤੀ ਕਿ ਮੇਜ਼ਬਾਨ ਕਹਿ ਸਕਦਾ ਹੈ "ਇਹ [ਕੋਈ ਪ੍ਰਸਿੱਧ ਵਿਅਕਤੀ] ਨੂੰ ਜਗ੍ਹਾ ਦਿਹ।" ਅੱਗੇ ਯਿਸੂ ਨੇ ਆਖਿਆ, "ਅਰ ਤਦ ਤੈਨੂੰ ਸ਼ਰਮਿੰਦਗੀ ਨਾਲ ਸਭ ਤੋਂ ਨੀਵੀਂ ਥਾਂ ਬੈਠਣਾ ਪਵੇ" (ਲੂਕਾ 14:9)। ਉੱਚੀ ਥਾਂ ਨੂੰ ਚੁਣ ਕੇ, ਵਿਅਕਤੀ ਬੜੇ ਹੀ ਘਮੰਡ ਨਾਲ ਆਪਣੇ ਨਾਲ ਦੇ ਮਹਿਮਾਨਾਂ ਕੋਲੋਂ ਪ੍ਰਸ਼ੰਸਾ ਅਤੇ ਤਾਰੀਫ ਭਾਲਦਾ ਹੈ; ਉਸੇ ਦਾਹਵਤ ਵਿੱਚ ਸਭ ਤੋਂ ਅਖ਼ੀਰ ਵਿੱਚ ਜਾ ਕੇ ਬੈਠਣ ਦਾ ਨਤੀਜਾ ਸ਼ਰਮਿੰਦਗੀ ਹੁੰਦਾ ਹੈ। "ਸ਼ਰਮਿੰਦਗੀ" ਲਈ ਜਿਹੜਾ ਯੂਨਾਨੀ ਸ਼ਬਦ ਵਰਤਿਆ ਗਿਆ ਹੈ ਉਹ ਪੰਜਾਬੀ ਦੇ ਸ਼ਬਦ "ਨਿਰਾਦਰ" ਅਤੇ "ਅਪਮਾਨ" ਵਰਗਾ ਹੈ। ਪੌਲੁਸ ਘੁਮੰਡ ਅਤੇ ਸ਼ਰਮਿੰਦਗੀ ਦੋਵਾਂ ਦੇ ਸਮਾਜਕ ਪਰਿਮਾਪਾਂ ਦੇ ਬਾਰੇ ਸੋਚ ਰਿਹਾ ਸੀ। ਸਲੀਬ ਦੇ ਬਾਰੇ ਪਰਚਾਰ ਕਰਨ ਨਾਲ

ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਹੋਰਨਾਂ ਲੋਕਾਂ ਵੱਲੋਂ ਪ੍ਰਸ਼ੰਸਾ ਨਹੀਂ ਮਿਲੀ। ਮਸੀਹ ਵਿੱਚ, "ਕੋਈ ਬਸ਼ਰ ਘੁਮੰਡ ਨਹੀਂ ਕਰ ਸਕਦਾ।" ਮਸੀਹ ਦੇ ਵੱਲ ਆਉਣਾ ਪਾਪ ਅਤੇ ਲਾਚਾਰੀ ਦਾ ਇਕਰਾਰ ਕਰਨਾ ਹੈ।

**ਆਇਤ 30.** ਪੌਲੁਸ ਅਤੇ ਉਸ ਦੇ ਪਾਠਕ **ਮਸੀਹ ਯਿਸੂ ਵਿੱਚ** ਸਨ, ਪਰ ਇਸ ਨਿਸ਼ਚਤ ਵਾਕ ਵਿੱਚ ਘੁਮੰਡ ਕਰਨ ਦੇ ਲਈ ਕੋਈ ਮੌਕਾ ਨਹੀਂ ਸੀ। ਉਹ **ਪਰਮੇਸ਼ੁਰ ਦੀ ਕਰਨੀ** ਦੇ ਕਾਰਣ "ਮਸੀਹ ਯਿਸੂ ਵਿੱਚ" ਸਨ। ਪਰਮੇਸ਼ੁਰ ਨੇ ਪਹਿਲ ਕੀਤੀ ਅਤੇ ਉਨ੍ਹਾਂ ਨੂੰ ਬਚਾ ਲਿਆ। ਜ਼ੋਰਦਾਰ **ਤੁਸੀਂ** (ὑμεῖς, *ਹੁਮੇਸ*) ਸ਼ਬਦ ਨੇ ਕੁਰਿੰਥੀਆਂ ਦੀ ਤੁਲਨਾ ਤਿੱਖੇ ਰੂਪ ਵਿੱਚ ਸੰਸਾਰ ਦੇ ਬੁੱਧਵਾਨਾਂ ਨਾਲ ਕੀਤੀ। "ਮਸੀਹ ਯਿਸੂ ਵਿੱਚ" ਹੋਣ ਦਾ ਅਰਥ ਇਹ ਸੀ ਕਿ ਉਹ ਜੋ ਕੁਝ ਵੀ ਸਨ ਜੀ ਉੱਠੇ ਪ੍ਰਭੂ ਦੇ ਨਾਲ ਉਨ੍ਹਾਂ ਦੇ ਰਿਸ਼ਤੇ ਦੁਆਰਾ ਪਰਿਭਾਸ਼ਿਤ ਹੁੰਦਾ ਸੀ: ਉਨ੍ਹਾਂ ਦੇ ਜੀਵਨ, ਉਨ੍ਹਾਂ ਦਾ ਹੋਣਾ, ਸਮਾਜ, ਆਸ ਅਤੇ ਭਵਿੱਖ ਉਸ ਵਿੱਚ ਸੀ। ਉਹ ਛੁਟਕਾਰੇ ਅਤੇ ਆਸ ਦਾ ਆਧਾਰ ਅਤੇ ਸ੍ਰੋਤ ਦੋਵੇਂ ਹੀ ਹੈ। ਇਸ ਲਈ, ਮਸੀਹ **ਪਰਮੇਸ਼ੁਰ ਦੀ ਵੱਲੋਂ ਸਾਡੇ ਲਈ ਗਿਆਨ** ਹੈ। ਪੌਲੁਸ ਦੇ ਲਈ, ਮਸੀਹ ਵਿੱਚ ਹੋਣ ਦਾ ਅਰਥ ਇੱਕ ਮੂਲ ਬਦਲਾਅ ਸੀ। ਸਾਰੀ ਵਫ਼ਾਦਾਰੀ, ਗਿਆਨ ਅਤੇ ਸਨੇਹ ਉਸੇ ਵਿੱਚ ਕੇਂਦਰਿਤ ਹੈ।

NASB ਬਾਈਬਲ ਅਨੁਵਾਦ "ਪਰਮੇਸ਼ੁਰ ਦੀ ਵੱਲੋਂ ਗਿਆਨ" ਨੂੰ ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰੇ ਨਾਲ ਇੱਕ ਸਮਾਨਾਂਤਰ ਵਾਕ ਦੇ ਰੂਪ ਵਿੱਚ ਪੇਸ਼ ਕਰਦਾ ਹੈ। NRSV ਅਨੁਵਾਦ ਵੀ ਇਸੇ ਤਰ੍ਹਾਂ ਹੀ ਹੈ ਪਰ NIV ਬਾਈਬਲ ਦਾ ਅਨੁਵਾਦ ਇਸ ਆਇਤ ਤੇ ਵੱਖਰੇ ਢੰਗ ਨਾਲ ਵਿਰਾਮ ਚਿੰਨ੍ਹ ਲਗਾਉਂਦਾ ਹੈ। NIV ਬਾਈਬਲ ਦੇ ਅਨੁਵਾਦਕਾਂ ਨੇ ਇਸ ਨੂੰ ਹੋਰਨਾਂ ਧਾਰਣਾ ਨਾਲ ਸ਼ਾਮਲ ਕਰਨ ਦੇ ਵਜੋਂ "ਪਰਮੇਸ਼ੁਰ ਦੀ ਵੱਲੋਂ ਗਿਆਨ" ਸਮਝਿਆ। ਇਸ ਲਈ, ਉਨ੍ਹਾਂ ਦੇ ਲਈ ਇਸ ਆਇਤ ਦਾ ਅਰਥ ਸੀ, ". . . ਉਹ ਜਿਹੜਾ ਪਰਮੇਸ਼ੁਰ ਦੀ ਵੱਲੋਂ ਸਾਡੇ ਲਈ ਗਿਆਨ ਬਣਿਆ ਹੈ – ਅਰਥਾਤ, ਸਾਡੀ ਧਾਰਮਿਕਤਾ, ਪਵਿੱਤਰਤਾਈ ਅਤੇ ਨਿਸਤਾਰਾ।" ਪੌਲੁਸ ਸੰਸਾਰ ਦੇ ਗਿਆਨ ਅਤੇ ਮਸੀਹ ਦੇ ਗਿਆਨ ਵਿੱਚ ਜੋ ਤੁਲਨਾ ਕਰਦਾ ਹੈ ਇਹ ਸੁਝਾਅ ਦਿੰਦੀ ਹੈ ਕਿ NIV ਬਾਈਬਲ ਦਾ ਅਨੁਵਾਦ ਇਸ ਦੇ ਸਹੀ ਭਾਵ ਅਰਥ ਨੂੰ ਪਰਗਟ ਕਰਦਾ ਹੈ।

**ਸਾਰ (1:31)**

**31 ਭਈ ਜਿਵੇਂ ਲਿਖਿਆ ਹੋਇਆ ਹੈ, ਜੋ ਕੋਈ ਅਭਮਾਨ ਕਰੇ ਸੋ ਪ੍ਰਭੂ ਵਿੱਚ ਅਭਮਾਨ ਕਰੇ।**

**ਆਇਤ 31.** ਰਸੂਲ ਨੇ ਇਸ ਦਾ ਸਾਰ ਪੇਸ਼ ਕੀਤਾ ਅਤੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਮਨੁੱਖੀ ਆਤਮ-ਨਿਰਭਰਤਾ ਨੂੰ ਇੱਕ ਪਾਸੇ ਰੱਖਣ ਦੀ ਬੇਨਤੀ ਕਰਨ ਦੇ ਦੁਆਰਾ ਦਾਰਸ਼ਨਿਕ ਬੁੱਧ ਅਤੇ ਦੁਨਿਆਵੀ ਸਿੱਖਿਆ ਦੇ ਉਸ ਦੇ ਠੁਕਰਾਉਣ ਤੇ ਜ਼ੋਰ ਦਿੱਤਾ। ਉਸ ਨੇ LXX ਵਿੱਚੋਂ ਯਿਰਮਿਯਾਹ 9:23 ਦਾ ਹਵਾਲਾ ਦਿੱਤਾ ਸੀ, ਪਰ ਇਸ ਅਨੁਕੂਲਤਾ ਨੇ ਨਬੀ ਦੀ ਬੇਨਤੀ ਦੇ ਪ੍ਰਤੀ ਕਿਸੇ ਤਰ੍ਹਾਂ ਦੀ ਕੋਈ ਹਿੰਸਾ ਪੈਦਾ ਨਹੀਂ ਕੀਤੀ। ਮਨੁੱਖੀ ਬੁੱਧ, ਸਮਰੱਥਾ, ਅਤੇ ਮਾਣ ਅਭਮਾਨ ਕਰਨ ਦਾ ਕਾਰਣ ਪ੍ਰਦਾਨ ਨਹੀਂ ਕਰਦੇ। ਮਸੀਹੀ ਵਿਅਕਤੀ ਦਾ ਅਭਮਾਨ ਸਲੀਬ ਦਿੱਤੇ ਹੋਏ ਮੁਕਤੀਦਾਤਾ ਵਿੱਚ ਹੈ। ਪੌਲੁਸ ਨੇ ਹਵਾਲਾ ਦਿੱਤਾ, **ਜੋ ਕੋਈ**

**ਅਭਮਾਨ ਕਰੇ ਸੋ ਪ੍ਰਭੂ ਵਿੱਚ ਅਭਮਾਨ ਕਰੇ** (ਵੇਖੋ ਯਿਰਮਿਯਾਹ 9:23, 24)। ਯਿਸੂ ਨਾਸਰੀ ਵਿੱਚ ਅਭਮਾਨ ਕਰਨਾ ਸਰਬੋਤਮ ਵਿਅੰਗ ਹੈ: ਉਹ ਬਿਨਾਂ ਖਾਨਦਾਨ ਜਾਂ ਤਕਦੀਰ ਦੇ ਇੱਕ ਫਿਰਤੂ ਪਰਚਾਰਕ ਸੀ। ਯਿਸੂ ਨੇ ਦੁਨਿਆਵੀ ਪ੍ਰਸਿੱਧੀ, ਸ਼ਕਤੀ ਅਤੇ ਗਿਆਨ ਦਾ ਇਨਕਾਰ ਕਰ ਦਿੱਤਾ ਸੀ; ਉਸ ਦੇ ਵਰਗਾ ਬਣਨ ਦੇ ਲਈ, ਉਸ ਦੀ ਕਲੀਸੀਆ ਨੂੰ ਵੀ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ।

# ਪ੍ਰਾਸੰਗਿਕਤਾ

### ਪ੍ਰੇਰਣਾ ਅਤੇ ਯਾਦ ਸ਼ਕਤੀ (1:14-16)

ਪੌਲੁਸ ਨੇ ਤਿਮੋਥਿਉਸ ਨੂੰ ਕਿਹਾ ਸੀ ਕਿ "ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ" (2 ਤਿਮੋਥਿਉਸ 3:16)। ਉਹ ਨੂੰ ਉਸ ਦੀ ਆਪਣੀ ਪ੍ਰੇਰਣਾ ਦਾ ਭਾਵ ਸੀ (1 ਕੁਰਿੰਥੀਆਂ 2:13)। ਕਿਉਂਕਿ ਬਾਈਬਲ ਆਤਮਾ ਦੀ ਪ੍ਰੇਰਣਾ ਦੇ ਨਾਲ ਲਿਖੀ ਗਈ ਹੈ, ਮਸੀਹੀ ਲੋਕ ਨੈਤਿਕਤਾ ਅਤੇ ਡਾਕਟ੍ਰਿਨ ਵਿੱਚ ਦਿਸ਼ਾ ਨਿਰਦੇਸ਼ ਦੇ ਲਈ ਇਸ ਦੇ ਵਚਨਾਂ ਤੇ ਵਿਚਾਰ ਕਰਦੇ ਹਨ। ਪ੍ਰੇਰਣਾ ਅਤੇ ਸਿਧਾਂਤ ਦੇ ਸਵਾਲਾਂ ਦਾ ਬਾਈਬਲ ਦੇ ਇਖ਼ਤਿਆਰ ਨਾਲ ਕੋਈ ਵਾਸਤਾ ਨਹੀਂ ਹੈ। ਫਿਰ ਵੀ, ਨਾ ਤਾਂ ਪੌਲੁਸ ਅਤੇ ਨਾ ਹੀ ਬਾਈਬਲ ਦੇ ਹੋਰ ਕਿਸੇ ਲੇਖਕ ਨੇ ਰਹੱਸਮਈ ਪ੍ਰੀਕਿਰਿਆਵਾਂ ਦਾ ਵਰਣਨ ਕੀਤਾ ਸੀ ਜਿਸ ਦੇ ਦੁਆਰਾ ਪਵਿੱਤਰ ਆਤਮਾ ਉਨ੍ਹਾਂ ਦੇ ਪ੍ਰੇਰਣਾ ਪ੍ਰਾਪਤ ਦਸਤਾਵੇਜ਼ਾਂ ਨੂੰ ਪੇਸ਼ ਕਰਨ ਦੇ ਲਈ ਲੇਖਕਾਂ ਦੇ ਮਨਾਂ ਨਾਲ ਵਾਰਤਾਲਾਪ ਕਰਦਾ ਸੀ। ਪ੍ਰੇਰਣਾ ਦਾ ਸੁਭਾਉ ਮਾਇਨੇ ਰੱਖਦਾ ਹੈ ਕਿਉਂਕਿ ਬਾਈਬਲ ਦਾ ਇਖ਼ਤਿਆਰ ਮਾਇਨੇ ਰੱਖਦਾ ਹੈ।

1:14 ਵਿੱਚ ਰਸੂਲ ਨੇ ਜ਼ਿਕਰ ਕੀਤਾ ਸੀ ਕਿ ਉਸ ਨੇ ਕਰਿਸਪੁਸ ਅਤੇ ਗਾਯੁਸ ਨੂੰ ਬਪਤਿਸਮਾ ਦਿੱਤਾ ਸੀ ਅਤੇ ਫਿਰ ਉਸ ਨੇ ਇਹ ਗੱਲ ਕਹਿ ਕੇ ਆਪਣੇ ਆਪ ਨੂੰ ਦਰਸੁਤ ਕੀਤਾ ਕਿ ਉਸ ਨੇ ਸਤਫਨਾਸ ਦੇ ਘਰਾਣੇ ਨੂੰ ਵੀ ਬਪਤਸਿਮਾ ਦਿੱਤਾ ਸੀ, ਜੋ ਕਿ 1:16 ਵਿੱਚ ਇੱਕ ਹੋਰ ਯਾਦ ਸ਼ਕਤੀ ਦੀ ਤਰੁੱਟੀ ਨੂੰ ਜਗ੍ਹਾ ਦਿੰਦਾ ਹੈ। ਇਹ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਪਵਿੱਤਰ ਆਤਮਾ ਨੇ ਨਾ ਸਿਰਫ ਉਸ ਦੇ ਮਨ ਤੇ ਕਬਜ਼ਾ ਕੀਤਾ ਹੋਇਆ ਸੀ; ਕੋਈ ਇਸ ਗੱਲ ਦੀ ਬਹਿਸ ਨਹੀਂ ਕਰੇਗਾ ਕਿ ਪਵਿੱਤਰ ਆਤਮਾ ਕੋਲ ਯਾਦ ਸ਼ਕਤੀ ਦੀਆਂ ਤਰੁੱਟੀਆਂ ਹਨ। ਪਵਿੱਤਰ ਆਤਮਾ ਦੁਆਰਾ ਪੌਲੁਸ ਦੀ ਪ੍ਰੇਰਣਾ ਉਸ ਦੀ ਆਪਣੀ ਯਾਦ ਸ਼ਕਤੀ ਦੀਆਂ ਹੱਦਾਂ, ਕਲੀਸੀਆ ਦੀਆਂ ਵਿਸ਼ੇਸ਼ ਲੋੜਾਂ ਅਤੇ ਉਸ ਸੰਸਾਰ ਦੇ ਸਮਾਜਿਕ ਅਤੇ ਸੱਭਿਆਚਾਰਕ ਵਾਤਾਵਰਣ ਦੇ ਅੰਦਰ ਕਾਰਜਸ਼ੀਲ ਸਨ ਜਿਸ ਦੇ ਵਿੱਚ ਉਹ ਰਹਿੰਦਾ ਸੀ। ਇਨ੍ਹਾਂ ਸਾਰੀਆਂ ਗੱਲਾਂ ਦੇ ਉਸ ਦੇ ਤਰੀਕੇ ਨਾਲ ਮਹੱਤਵਪੂਰਣ ਸੰਬੰਧ ਹਨ ਜਿਸ ਤਰੀਕੇ ਨਾਲ ਅੱਜ ਦੇ ਪਾਠਕਾਂ ਨੇ ਡਾਕਟ੍ਰਿਨ ਅਤੇ ਵਿਹਾਰ ਸੰਬੰਧੀ 1 ਕੁਰਿੰਥੀਆਂ ਵਿੱਚੋਂ ਅਧਿਕਾਰ ਅਤੇ ਮਾਰਗ-ਦਰਸ਼ਨ ਨੂੰ ਲੈਣਾ ਹੈ।

ਪੌਲੁਸ ਇਸ ਲਿਖਤ ਦਸਤਾਵੇਜ਼ ਦੀ ਸੰਰਚਨਾ ਵਿੱਚ ਜਿਸ ਨੂੰ ਅਸੀਂ "1 ਕੁਰਿੰਥੀਆਂ" ਕਹਿੰਦੇ ਹਾਂ ਪਹਿਲਾ ਦਲ ਸੀ। ਕੁਰਿੰਥੁਸ ਵਿੱਚ ਪੌਲੁਸ ਦੇ ਸਮਕਾਲੀਨ ਵਿਅਕਤੀ ਦੂਜਾ ਦਲ ਸਨ, ਤਾਤਕਾਲਿਕ ਪ੍ਰਾਪਤ ਕਰਤਾ। ਆਗਾਮੀ ਪਾਠਕਾਂ ਨੂੰ ਮਿਲ ਕੇ ਤੀਜਾ ਦਲ ਬਣਦਾ ਹੈ ਜਿਨ੍ਹਾਂ ਨੇ ਨਾ ਤਾਂ ਪੱਤ੍ਰੀ ਲਿਖੀ ਅਤੇ ਨਾ ਹੀ ਇਸ ਪੱਤ੍ਰੀ ਨੂੰ ਉਸ ਪੱਤਰ-ਵਿਹਾਰ ਵਜੋਂ ਪ੍ਰਾਪਤ ਕੀਤਾ ਜੋ ਸਿੱਧੇ ਤੌਰ ਤੇ ਉਨ੍ਹਾਂ ਨੂੰ ਸੰਬੋਧਿਤ ਕੀਤੀ ਗਈ ਸੀ। ਤੀਜੇ ਦਲ ਦੇ ਪਾਠਕਾਂ ਦੇ ਤੌਰ

ਤੇ, 1 ਕੁਰਿੰਥੀਆਂ ਵਿੱਚੋਂ ਅਧਿਕਾਰਕ ਮਾਰਗ-ਦਰਸ਼ਨ ਪ੍ਰਾਪਤ ਕਰਨ ਦੇ ਲਈ ਸਾਨੂੰ ਉਹ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਪਹਿਲੇ ਪਾਠਕਾਂ ਨੇ ਸਮਝਿਆ ਸੀ। ਫਿਰ ਸਾਨੂੰ ਇਹ ਨਿਰਧਾਰਤ ਕਰਨਾ ਚਾਹੀਦਾ ਹੈ ਕਿ ਸਾਡੇ ਆਪਣੇ ਸੰਸਾਰ ਅਤੇ ਪਹਿਲੇ ਪਾਠਕਾਂ ਵਿਚਕਾਰ ਕੀ ਸਮਾਨਤਾ ਹੈ ਅਤੇ ਕਿਵੇਂ ਦੋਵੇਂ ਸੰਸਾਰ ਇੱਕ ਦੂਜੇ ਤੋਂ ਵੱਖਰੇ ਹਨ। ਜਦੋਂ ਅਸੀਂ ਵਚਨ ਵਿੱਚੋਂ ਅਧਿਕਾਰਕ ਮਾਰਗ-ਦਰਸ਼ਨ ਦੀ ਭਾਲ ਕਰਦੇ ਹਾਂ, ਸਾਨੂੰ ਇਹ ਸਵੀਕਾਰ ਕਰਨ ਦੀ ਲੋੜ ਹੈ ਕਿ ਅੱਜ ਦੀ ਕਲੀਸੀਆ ਉਨ੍ਹਾਂ ਚਿੰਤਾਵਾਂ ਦਾ ਹੀ ਸਾਹਮਣਾ ਕਰ ਰਹੀ ਹੈ ਜੋ ਕਾਫੀ ਹੱਦ ਤੱਕ ਉਨ੍ਹਾਂ ਚਿੰਤਾਵਾਂ ਵਰਗੀਆਂ ਹੀ ਹਨ ਜਿਨ੍ਹਾਂ ਨੂੰ ਪੌਲੁਸ ਨੇ ਆਪਣੀ ਇਸ ਪੱਤ੍ਰੀ ਵਿੱਚ ਸੰਬੋਧਿਤ ਕੀਤਾ ਸੀ। ਉਦਾਹਰਣ ਦੇ ਲਈ, ਕਲੀਸੀਆ ਵਿੱਚ ਏਕਤਾ (1:10; 11:18) ਅਤੇ ਅਨੈਤਿਕ ਵਿਹਾਰ (6:9–11) ਦੀਆਂ ਚਿੰਤਾਵਾਂ ਅੱਜ ਵੀ ਬਰਕਰਾਰ ਹਨ, ਜਦ ਕਿ ਔਰਤਾਂ ਦੇ ਲਈ ਆਪਣੇ ਸਿਰ ਨੂੰ ਕੱਜਣ ਦੀ ਚਿੰਤਾ (11:5–16) ਬਹੁਤ ਜ਼ਿਆਦਾ ਵੱਖਰੀ ਹੈ।

**ਕਲੀਸੀਆ ਅਤੇ ਇਸ ਦਾ ਜਨਤਕ ਰੂਪ (1:17)**

ਅੱਜ ਬਹੁਤ ਸਾਰੇ ਨਿਗਮ ਜਨਤਕ ਰੂਪ ਤੇ ਲੱਖਾਂ ਡਾਲਰ ਖਰਚਦੇ ਹਨ। ਰੂਪ ਦਾ ਸੰਬੰਧ ਪਦਾਰਥ ਦੀ ਬਜਾਇ ਧਾਰਨਾ ਨਾਲ ਹੁੰਦਾ ਹੈ। ਇੱਕ ਕੰਪਨੀ ਜਨਤਾ ਨੂੰ ਝੂਠ ਮਾਰ ਸਕਦੀ ਹੈ ਅਤੇ ਤਦ ਤੱਕ ਇਸ ਦੇ ਕਰਮਚਾਰੀਆਂ ਨੂੰ ਧੋਖਾ ਦੇ ਸਕਦੀ ਹੈ ਜਦੋਂ ਤੱਕ ਇਹ ਇੱਕ ਸਤਿਕਾਰਯੋਗ ਸੰਸਥਾ ਵਜੋਂ ਆਪਣਾ ਰੁਤਬਾ ਬਰਕਰਾਰ ਰੱਖ ਸਕਦੀ ਹੈ। ਉਸੇ ਤਰ੍ਹਾਂ, ਕੁਰਿੰਥੁਸ ਵਿੱਚ ਕਲੀਸੀਆ ਪਦਾਰਥ ਤੋਂ ਵੱਧ ਕੇ ਇਸ ਦੇ ਜਨਤਕ ਰੂਪ ਬਾਰੇ ਜ਼ਿਆਦਾ ਚਿੰਤਤ ਪ੍ਰਤੀਤ ਹੁੰਦੀ ਜਾਪਦੀ ਹੈ। ਪੌਲੁਸ ਉਨ੍ਹਾਂ ਦੇ ਕੇਂਦਰ-ਬਿੰਦੂ ਨੂੰ ਬਦਲਨਾ ਚਾਹੁੰਦਾ ਸੀ।

ਪੌਲੁਸ ਲਈ "ਸ਼ਬਦਾਂ ਦਾ ਗਿਆਨ" (1:17) ਅਤੇ ਦੁਨਿਆਵੀ ਪੈਮਾਨਿਆਂ ਦੁਆਰਾ ਮਾਪਿਆ ਜਾਣ ਵਾਲਾ ਦਾਰਸ਼ਨਿਕ ਸਨਮਾਨ ਪ੍ਰਮੁੱਖ ਨਹੀਂ ਸੀ। ਉਹ ਅੱਜ ਦੇ ਸਮੇਂ ਦੀ ਪ੍ਰਭੂ ਦੀ ਕਲੀਸੀਆ ਦੀ ਮੰਡਲੀ ਨੂੰ ਇਹ ਦੱਸ ਸਕਦਾ ਹੈ ਕਿ ਇਸ ਦੇ ਸਭ ਤੋਂ ਪ੍ਰਸਿੱਧ ਮੈਂਬਰ ਅਤੇ ਇਸ ਦੇ ਬੁਲੰਦ ਪਰਚਾਰਕ ਤੁੱਛ ਹਨ। ਸਭ ਤੋਂ ਵੱਧ ਜਿਹੜੀ ਗੱਲ ਮਾਇਨੇ ਰੱਖਦੀ ਹੈ ਉਹ ਹੈ ਉਹ ਦ੍ਰਿੜ੍ਹ ਵਿਸ਼ਵਾਸ ਜੋ ਮਸੀਹੀ ਲੋਕ ਆਪਣੇ ਦਿਲਾਂ ਵਿੱਚ ਲਈ ਫਿਰਦੇ ਹਨ, ਉਨ੍ਹਾਂ ਦੇ ਜੀਵਨਾਂ ਦੀ ਪਵਿੱਤਰਤਾਈ ਜੋ ਉਨ੍ਹਾਂ ਦੇ ਚਾਲ-ਚਲਨ ਤੋਂ ਪਰਤੱਖ ਨਜ਼ਰ ਆਉਂਦੀ ਹੈ। ਪਰਮੇਸ਼ੁਰ ਦੀ ਚਿੰਤਾ ਜਨਤਕ ਰੂਪ ਨਹੀਂ ਹੈ; ਉਹ ਕਲੀਸੀਆ ਦੇ ਹਿਰਦੇ ਨੂੰ ਜਾਣਦਾ ਹੈ।

**ਸਲੀਬ ਦਾ ਪਰਚਾਰ (1:21)**

1:21 ਲਈ, KJV ਬਾਈਬਲ ਅਨੁਵਾਦ ਵਿੱਚ ਇਸ ਤਰ੍ਹਾਂ ਲਿਖਿਆ ਹੋਇਆ ਹੈ ". . . ਪਰਮੇਸ਼ੁਰ ਪਰਚਾਰ ਦੀ ਮੂਰਖਤਾਈ ਨਾਲ ਨਿਹਚਾਵਾਨਾਂ ਨੂੰ ਬਚਾਉਣ ਵਿੱਚ ਪਰਸੰਨ ਹੁੰਦਾ ਹੈ।" NASB ਬਾਈਬਲ ਅਨੁਵਾਦ ਇਨ੍ਹਾਂ ਸ਼ਬਦਾਂ ਵਿੱਚ ਇਸ ਆਇਤ ਦੀ ਸ਼ਕਤੀ ਨੂੰ ਬਿਹਤਰ ਢੰਗ ਨਾਲ ਫੜਦਾ ਹੈ ". . . ਪਰਮੇਸ਼ੁਰ ਨਿਹਚਾਵਾਨਾਂ ਨੂੰ ਮੂਰਖਤਾਈ ਦੇ ਸੰਦੇਸ਼ ਨੂੰ ਸੁਣਾਉਣ ਦੇ ਰਾਹੀਂ ਬਹੁਤ ਹੀ ਜ਼ਿਆਦਾ ਪਰਸੰਨ ਹੋਇਆ ਸੀ।" ਵਿਅੰਗ ਜਿਸ ਨੂੰ ਪੌਲੁਸ ਵਿਅਕਤ ਕਰ ਰਿਹਾ ਸੀ ਇਹ ਨਹੀਂ ਸੀ ਕਿ ਸੰਸਾਰ ਨੇ ਪਰਚਾਰ ਨੂੰ ਮੂਰਖਤਾਈ ਵਜੋਂ ਵੇਖਿਆ ਸੀ। ਬਲਕਿ ਉਹ ਖੁਸ਼ਖ਼ਬਰੀ ਦੀ ਮੂਲ ਸ਼ਕਤੀ ਤੇ ਜ਼ੋਰ ਦੇ ਰਿਹਾ ਸੀ। ਯਿਸੂ ਨੇ ਆਪਣੇ ਚੇਲਿਆਂ ਨੂੰ ਸਲੀਬ ਦਾ ਪਰਚਾਰ ਕਰਨ ਦੇ ਰਾਹੀਂ ਸੰਸਾਰ ਨੂੰ ਪਰਮੇਸ਼ੁਰ ਵੱਲ

ਲਿਆਉਣ ਦੇ ਲਈ ਸੰਸਾਰ ਵਿੱਚ ਭੇਜਿਆ ਸੀ (ਮੱਤੀ 28:19, 20)। ਮਹਾਨ ਆਗਿਆ ਅੱਜ ਵੀ ਕਲੀਸੀਆ ਦੇ ਲਈ ਇੱਕ ਫਰਮਾਨ ਹੈ।

ਸਲੀਬ ਦਾ ਪਰਚਾਰ ਹਮੇਸ਼ਾ ਇੱਕ ਫ਼ੈਸਲਾ ਲੈਣ ਦੇ ਲਈ ਇੱਕ ਬੁਲਾਹਟ ਹੁੰਦਾ ਹੈ। ਖੁਸ਼ਖ਼ਬਰੀ ਦੀ ਬੁਲਾਹਟ ਦਾ ਬੌਧਿਕ ਦੇ ਰੂਪ ਵਿੱਚ ਵਿਸ਼ਲੇਸ਼ਣ ਕਰਨਾ ਸੰਸਾਰਕ ਫਿਲਾਸਫੀਆਂ ਦੇ ਫਾਇਦੇ ਅਤੇ ਨੁਕਸਾਨ ਨੂੰ ਆਤਮਿਕ ਮੌਤ ਦੇ ਰੂਪ ਵਿੱਚ ਤੋਲੇਗਾ। ਪਰਮੇਸ਼ੁਰ ਨੇ ਯਿਸੂ ਨੂੰ ਮਨੁੱਖਜਾਤੀ ਨੂੰ ਛੁਟਕਾਰਾ ਦੇਣ ਦੇ ਲਈ ਘੱਲਿਆ ਸੀ। ਪ੍ਰਭੂ ਨੇ ਆਪਣੇ ਪਿਤਾ ਦੀ ਮਰਜ਼ੀ ਨੂੰ ਪੂਰਾ ਕੀਤਾ। ਉਹ ਸਮਾਂ ਜੋ ਪਰਮੇਸ਼ੁਰ ਨੇ ਚੁਣਿਆ ਹੈ, ਯਿਸੂ ਦੁਬਾਰਾ ਆਵੇਗਾ; ਇਸ ਦੌਰਾਨ, ਖੁਸ਼ਖ਼ਬਰੀ ਦੇ ਪਰਚਾਰ ਨੂੰ ਬਚਾਏ ਗਏ ਲੋਕਾਂ ਦੇ ਹੱਥਾਂ ਵਿੱਚ ਛੱਡ ਦਿੱਤਾ ਗਿਆ ਹੈ। ਮਸੀਹ ਦਾ ਪਰਚਾਰ ਕਰਨਾ ਉਨ੍ਹਾਂ ਨੂੰ ਬੁਲਾਉਣਾ ਹੈ ਜਿਹੜੇ ਪ੍ਰਭੂ ਵੱਲ ਮੁੜਨ ਦੇ ਲਈ ਇੱਕ ਫ਼ੈਸਲਾ ਲੈਣ ਦੇ ਲਈ ਸੁਣਦੇ ਹਨ, ਉਨ੍ਹਾਂ ਨੂੰ ਖੁਸ਼ਖ਼ਬਰੀ ਦਾ ਪਾਲਣ ਕਰਨ ਅਤੇ ਧਰਮੀ ਜੀਵਨ ਜੀਉਣ ਦੀ ਬੇਨਤੀ ਕਰਨਾ ਹੈ। ਤੋਬਾ ਅਤੇ ਆਗਿਆਕਾਰੀ ਤੋਂ ਕੁਝ ਵੀ ਘੱਟ ਉਸ ਨੂੰ ਠੁਕਰਾਉਣ ਦਾ ਇੱਕ ਫ਼ੈਸਲਾ ਹੈ।

### ਨਿਰਬਲ ਅਤੇ ਮੂਰਖ (1:25)

ਜਦੋਂ ਪਤਰਸ ਗਥਸਮਨੀ ਬਾਗ ਵਿੱਚ ਯਿਸੂ ਦੇ ਦੁਸ਼ਮਣਾਂ ਦੇ ਵਿਰੁੱਧ ਆਪਣੀ ਤਲਵਾਰ ਦਾ ਇਸਤੇਮਾਲ ਕਰਨਾ ਚਾਹੁੰਦਾ ਸੀ ਤਾਂ ਯਿਸੂ ਨੇ ਪਰਮੇਸ਼ੁਰ ਦੇ ਰਾਜ ਦੇ ਵਾਧੇ ਦੇ ਲਈ ਇੱਕ ਵਸੀਲੇ ਦੇ ਰੂਪ ਵਿੱਚ ਇਸ ਹਿੰਸਾ ਨੂੰ ਠੁਕਰਾ ਦਿੱਤਾ। ਉਸ ਨੇ ਕਿਹਾ, "ਕੀ ਤੁਸੀਂ ਇਹ ਸਮਝਦਾ ਹੈਂ ਜੋ ਮੈਂ ਆਪਣੇ ਪਿਤਾ ਕੋਲੋਂ ਬੇਨਤੀ ਨਹੀਂ ਕਰ ਸੱਕਦਾ ਅਤੇ ਉਹ ਹੁਣੇ ਦੂਤਾਂ ਦੀਆਂ ਬਾਰਾਂ ਫੌਜਾਂ ਤੋਂ ਵਧੀਕ ਮੇਰੇ ਕੋਲ ਹਾਜਰ ਨਾ ਕਰੇਗਾ?" (ਮੱਤੀ 26:53; ਵੇਖੋ ਯੂਹੰਨਾ 18:10, 11)। ਆਪਣੀ ਸੇਵਕਾਈ ਦੀ ਸ਼ੁਰੂਆਤ ਤੋਂ ਹੀ, ਯਿਸੂ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਪਰਮੇਸ਼ੁਰ ਦੇ ਰਾਜ ਵਿੱਚ ਜੋ ਯੁੱਧ ਲੜਿਆ ਜਾਵੇਗਾ ਉਹ ਯੁੱਧ ਦੇ ਮੈਦਾਨ ਤੋਂ ਇਲਾਵਾ ਕਿਸੇ ਹੋਰ ਅਖਾੜੇ ਵਿੱਚ ਲੜਿਆ ਜਾਣਾ ਸੀ।

ਸ਼ਤਾਨ ਨੇ ਉਸ ਨੂੰ ਫੌਜਾਂ ਅਤੇ ਤਲਵਾਰਾਂ ਨਾਲ ਯੁੱਧ ਲੜਨ ਦੇ ਲਈ ਭਰਮਾਇਆ। ਉਹ ਯਿਸੂ ਨੂੰ ਇੱਕ ਟੀਸੀ ਉੱਤੇ ਲੈ ਗਿਆ, ਉਸ ਨੂੰ ਧਰਤੀ ਦੇ ਸਾਰੇ ਰਾਜ ਵਿਖਾਏ ਅਤੇ ਅਸਲ ਵਿੱਚ ਇਹ ਕਿਹਾ, "ਮੈਂ ਇਸ ਸਭ ਤੈਨੂੰ ਦੇ ਸਕਦਾ ਹਾਂ। ਤੈਨੂੰ ਸਲੀਬ ਉੱਤੇ ਦੁੱਖ ਝੱਲਣ ਦੀ ਕੋਈ ਲੋੜ ਨਹੀਂ ਹੈ" (ਮੱਤੀ 4:8, 9)। ਜਦੋਂ ਜ਼ੇਲੋਤੇਸੀ ਉਸ ਨੂੰ ਬਦੋ ਬਦੀ ਫੜ ਕੇ ਪਾਤਸ਼ਾਹ ਬਣਾਉਣਾ ਚਾਹੁੰਦੇ ਸਨ, ਤਾਂ ਉਹ ਉੱਥੋਂ ਛੇਤੀ ਨਾਲ ਕਿਤੇ ਹੋਰ ਨਿੱਕਲ ਗਿਆ (ਯੂਹੰਨਾ 6:15)। ਮੁਕਤੀਦਾਤਾ ਨੇ ਨਾ ਤਾਂ ਸੈਨਕ ਅਤੇ ਨਾ ਹੀ ਆਰਥਿਕ ਸ਼ਕਤੀ ਦਾ ਇਸਤੇਮਾਲ ਕੀਤਾ। ਉਹ ਨੇ ਉਸ ਦੇ ਚੇਲਾ ਬਣਨ ਦੇ ਲਈ ਉਸ ਦੇ ਪਿੱਛੇ ਚੱਲਣ ਵਾਲੇ ਵਿਅਕਤੀ ਨੂੰ ਭੌਤਿਕ ਸਫ਼ਲਤਾ ਦੀ ਉਮੀਦ ਨਾ ਕਰਨ ਦੀ ਚਿਤਾਵਨੀ ਦਿੱਤੀ ਸੀ (ਮੱਤੀ 8:20)। ਉਨ੍ਹਾਂ ਔਰਤਾਂ ਦੇ ਪਰਉਪਕਾਰ ਤੋਂ ਬਿਨਾਂ ਜਿਹੜੀਆਂ ਉਸ ਦੀਆਂ ਚੇਲੀਆਂ ਬਣੀਆਂ ਸਨ, ਉਸ ਦੀ ਜ਼ਰੂਰਤ ਸੰਭਵ ਤੌਰ ਤੇ ਹੋਰ ਜ਼ਿਆਦਾ ਕਠੋਰ ਹੋਣੀ ਸੀ (ਲੂਕਾ 8:2, 3)।

ਯਿਸੂ ਨੇ ਸੰਸਾਰ ਦੇ ਲੋਕਾਂ ਦੇ ਤਰੀਕਿਆਂ ਨੂੰ ਠੁਕਰਾ ਦਿੱਤਾ ਸੀ ਜਿਨ੍ਹਾਂ ਨਾਲ ਸੰਸਾਰ ਸ਼ਕਤੀ ਨੂੰ ਮਾਪਦਾ ਹੈ, ਪਰ ਉਹ ਸ਼ਕਤੀ ਤੋਂ ਬਗੈਰ ਨਹੀਂ ਸੀ। ਉਸ ਨੇ ਆਤਮਿਕ ਸਬਕਾਂ ਨੂੰ ਸਿਖਾਉਣ ਦੇ ਲਈ ਯੁੱਧ ਦੇ ਮੈਦਾਨ ਦੇ ਰੂਪਕਾਂ ਦਾ ਇਸਤੇਮਾਲ ਕੀਤਾ (ਵੇਖੋ ਲੂਕਾ 14:31, 32)। ਉਹ ਹਥਿਆਰ ਜੋ ਉਸ ਨੇ ਆਪਣੇ ਚੇਲਿਆਂ ਦੇ ਹੱਥਾਂ ਵਿੱਚ ਪਹਿਨਾਏ ਉਹ ਸਨ

ਸਚਿਆਈ, ਦ੍ਰਿੜ੍ਹ ਵਿਸ਼ਵਾਸ, ਤਰਸ, ਨਿਹਚਾ ਅਤੇ ਪ੍ਰੇਮ। ਮਸੀਹੀ ਯੁੱਧ ਦੇ ਹਥਿਆਰ ਉਨ੍ਹਾਂ ਹਥਿਆਰਾਂ ਵਰਗੇ ਨਹੀਂ ਹਨ ਜਿਨ੍ਹਾਂ ਨਾਲ ਵੱਡੇ-ਵੱਡੇ ਜਰਨੈਲ ਆਪਣੀਆਂ ਫੌਜਾਂ ਨੂੰ ਤਿਆਰ ਕਰਦੇ ਹਨ, ਪਰ ਫਿਰ ਵੀ ਉਹ ਭਿਆਣਕ ਹਨ (ਅਫ਼ਸੀਆਂ 6:13–16; 1 ਥੱਸਲੁਨੀਕੀਆਂ 5:8)। ਮਸੀਹ ਦੇ ਲੋਕਾਂ, ਆਪਣੇ ਪ੍ਰਭੂ ਦੀ ਨਰਕ ਕਰਦਿਆਂ, ਉਹ ਗਿਆਨ ਪ੍ਰਾਪਤ ਕੀਤਾ ਹੈ ਜਿਸ ਨੂੰ ਸੰਸਾਰ ਮੂਰਖਤਾਈ ਸਮਝਦਾ ਹੈ। ਉਹ ਉਸ ਵਿੱਚ ਬਲ ਜਾਂ ਸ਼ਕਤੀ ਪਾਉਂਦੇ ਹਨ ਜਿਸ ਨੂੰ ਸੰਸਾਰ ਨਿਰਬਲਤਾਈ ਸਮਝਦਾ ਹੈ।

---

ਟਿੱਪਣੀਆਂ

[1]ਗੋਰਡੋਨ ਡੀ. ਫੀ ਨੇ ਨਿਸ਼ਚੇਪੂਰਵਕ ਕਿਹਾ ਕਿ ਪੌਲੁਸ ਅਤੇ ਕੁਰਿੰਥੁਸ ਦੀ ਕਲੀਸੀਆ ਵਿਚਕਾਰ ਝਗੜਾ ਹੀ ਇਸ ਪੱਤ੍ਰੀ ਨੂੰ ਲਿਖਣ ਦਾ ਮੂਲ ਕਾਰਣ ਸੀ। ਉਸੇ ਪ੍ਰਕਾਰ ਨਾਲ, ਉਸ ਨੇ ਇਹ ਦਲੀਲ ਵੀ ਦਿੱਤੀ ਕਿ ਪੌਲੁਸ ਨੇ ਆਪਣੇ ਰਸੂਲਪੁਣੇ ਦੇ ਦਾਅਵੇ ਨਾਲ ਆਪਣੇ ਇਖ਼ਤਿਆਰ ਤੇ ਜ਼ੋਰ ਦਿੱਤਾ ਸੀ। (ਗੋਰਡੋਨ ਡੀ. ਫੀ, *ਦ ਫਸਟ ਏਪਿਸਲ ਟੂ ਦ ਕੁਰਿੰਥੀਅਨਜ਼*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1987], 28-30)। ਪੌਲੁਸ ਅਤੇ ਕੁਰਿੰਥੁਸ ਵਿੱਚ ਕੁਝ ਤੱਤਾਂ ਵਿਚਕਾਰ ਤਨਾਅ ਸੀ ਇਹ ਸਪੱਸ਼ਟ ਹੈ, ਪਰ ਉਹ ਤਨਾਅ ਪੱਤ੍ਰੀ ਦੇ ਸਾਰੇ ਭਾਗਾਂ ਵਿੱਚ ਮੁੱਖ ਚਿੰਤਾ ਵਜੋਂ ਪ੍ਰਤੀਤ ਨਹੀਂ ਹੁੰਦਾ ਹੈ। [2]LXX, ਜਾਂ ਸਪਤਤੀ ਪੁਰਾਣੇ ਨੇਮ ਦੇ ਵਚਨਾਂ ਦਾ ਯੂਨਾਨੀ ਅਨੁਵਾਦ ਹੈ। [3]ਵਿਕਟਰ ਪੌਲ ਫਰਨਿਸ਼, *ਥੀਓਲੋਜੀ ਐਂਡ ਐਥਿਕਸ ਇਨ ਪੌਲ* (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1968), 155. [4]ਗਲਾਤੀਆਂ ਅਤੇ 1 ਕੁਰਿੰਥੀਆਂ ਤੋਂ ਬਾਹਰ, ਪਤਰਸ ਨੂੰ ਸਿਰਫ ਯੂਹੰਨਾ 1:42 ਵਿੱਚ "ਕੇਫਾਸ" ਕਿਹਾ ਗਿਆ ਹੈ। "ਕੇਫਾਸ" ਰਸੂਲ ਦੇ ਲਈ ਪਸੰਦੀਦਾ ਨਾਮ ਸੀ, ਹਾਲਾਂਕਿ ਉਹ ਉਸ ਨੂੰ ਕਦੀ-ਕਦੀ "ਪਤਰਸ" ਕਹਿੰਦਾ ਸੀ। [5]ਗਰਡ ਥੀਸਨ, *ਦ ਸੋਸ਼ਲ ਸੈਟਿੰਗ ਆਫ਼; ਪੌਲਿਨ ਕ੍ਰਿਸਚੈਨਿਟੀ: ਐਸੇਜ਼ ਆਨ ਕੋਰਿੰਥ*, ਰਚਨਾ ਅਤੇ ਅਨੁਵਾਦ, ਜੌਨ ਐਚ. ਸ਼ੁਟਜ਼ (ਫਿਲਾਡੈਲਫੀਆ: ਫੋਰਟਰੈਸ ਪ੍ਰੈਸ, 1982), 55. [6]ਆਈ. ਹੋਵਾਰਡ ਮਾਰਸ਼ਲ, *ਨਿਊ ਟੈਸਟਾਮੈਂਟ ਥੀਓਲੋਜੀ: ਮੈਨੀ ਵਿੱਟਨੈਸਸ, ਵੱਨ ਗਾਸਪਲ* (ਡਾਊਨਰਸ ਗਰੋਵ, ਇਲੀਨੋਇ: ਇੰਟਰਵਰਸਿਟੀ ਪ੍ਰੈਸ, 2004), 268. [7]ਆਖ਼ਰੀ ਸ਼ਬਦ ਨੂੰ ਛੱਡ ਕੇ, ਪੌਲੁਸ ਦਾ ਹਵਾਲਾ LXX ਵਿੱਚ ਯਸਾਯਾਹ 29:14 ਵਿੱਚੋਂ ਹੈ। ਪਰਮੇਸ਼ੁਰ ਇਹ ਕਹਿਣ ਦੀ ਬਜਾਇ ਕਿ "ਮੈਂ ਚਤਰਿਆਂ ਦੀ ਚਤਰਾਈ ਨੂੰ ਇੱਕ ਪਾਸੇ ਰੱਖਾਂਗਾ (ਰੱਦ ਕਰਾਂਗਾ)" (ἀθετήσω, *ਅਥੀਟੈਸੋ*), LXX ਕਹਿੰਦਾ ਹੈ, "ਮੈਂ ਲੁਕਾਵਾਂਗਾ . . ." (κρύψω, *ਕਰੂਪਸੋ*)। [8]ਲੀਓਨ ਮੌਰਿਸ, *ਦ ਫਸਟ ਏਪਿਸਲ ਆਫ਼ ਪੌਲ ਟੂ ਦ ਕੁਰਿੰਥੀਅਨਜ਼*, ਸੋਧਿਆ ਸੰਸਕਰਣ, ਟ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1985), 46. [9]ਬਰੀਵਾਰਡ ਐਸ. ਚਾਈਲਡਸ, *ਬਿਬਲੀਕਲ ਥੀਓਲੋਜੀ ਆਫ਼ ਦਿ ਓਲਡ ਐਂਡ ਨਿਊ ਟੈਸਟਾਮੈਂਟਸ: ਥੀਓਲੋਜੀਕਲ ਰਿਫਲੈਕਸ਼ਨ ਆਨ ਦ ਕ੍ਰਿਸਚਨ ਬਾਈਬਲ* (ਮਿਨੇਪੋਲਿਸ: ਫੋਰਟਰੈਸ ਪ੍ਰੈਸ, 1992), 512. [10]ਓਰੀਜੈਨ *ਅਗੇਂਸਟ ਸੈਲਸਸ* 3.55.

[11]ਜੌਨ ਗਾਗੇਰ, "ਸ਼ੈਲ ਵੁਈ ਮੈਰੀ ਆਵਰ ਐਨੀਮੀਜ਼?" ਸੋਸ਼ੀਓਲੋਜੀ ਐਂਡ ਦ ਨਿਊ ਟੈਸਟਾਮੈਂਟ," ਇੰਟਰਪਰੀਟੇਸ਼ਨ 36 (ਜੁਲਾਈ 1, 1982): 262. [12]ਟਰੋਏਲਸ ਇੰਗਬਰਗ-ਪੈਡਰਸਨ, "ਦ ਗਾਸਪਲ ਐਂਡ ਸੋਸ਼ਲ ਪਰੈਕਟਿਸ ਅਕਾਰਡਿੰਗ ਟੂ 1 ਕੁਰਿੰਥੀਅਨਜ਼," *ਨਿਊ ਟੈਸਟਾਮੈਂਟ ਸਟੱਡੀਜ਼* 33 (ਅਕਤੂਬਰ 1987): 562. [13]ਅਗਸਟਿਨ *ਸਿਟੀ ਆਫ਼ ਗੌਡ* 10.29.